ਰੋਜ਼ਾਨਾ ਪੰਜਾਬੀ ਅਖ਼ਬਾਰ
'ਲੋਕ ਬਾਣੀ'
ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।
0181-2211009

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com
ਸ਼ਨਿਚਰਵਾਰ, 4 ਸਿਤੰਬਰ 2021
(ਜਲੰਧਰ)


ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਪਿਆਰ ਅਤੇ ਸਹਿਯੋਗ ਦਾ ਦਿਲੋਂ ਧੰਨਵਾਦ
ਮੁੱਖ ਸੰਪਾਦਕ :- ਅਮਨਦੀਪ ਮਹਿਰਾ

R.N.I. Punpun/29016/2008 ✲ ਸਾਲ : 14 ✲ ਅੰਕ : 217 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111



## ਪੰਜਾਬ 'ਚ ਬੰਦ ਟੋਲ ਪਲਾਜਿਆਂ ਨਾਲ 830 ਕਰੋੜ ਦਾ ਨੁਕਸਾਨ

**ਜਲੰਧਰ/ਲੋਕ ਬਾਣੀ**

9 ਮਹੀਨਿਆਂ ਤੋਂ ਵੱਧ ਸਮੇਂ ਤੋਂ ਬੰਦ ਪਏ ਪੰਜਾਬ ਦੇ ਟੋਲ ਪਲਾਜਿਆਂ ਨੂੰ ਚਲਾਉਣ ਲਈ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਕਿਹਾ ਹੈ। ਕੇਂਦਰ ਨੇ ਇਕ ਪੱਤਰ ਲਿਖ ਕੇ ਕਿਹਾ ਹੈ ਕਿ ਸੂਬੇ 'ਚ ਕਿਸਾਨਾਂ ਦਾ ਅੰਦੋਲਨ ਜਿਵੇਂ ਦਾ ਤਿਵੇਂ ਹੈ ਅਤੇ ਕਿਸਾਨ ਟੋਲ ਪਲਾਜਿਆਂ 'ਤੇ ਡਟੇ ਹੋਏ ਹਨ, ਜਿਸ ਨਾਲ ਦੇਸ਼ ਦੇ ਖਜਾਨੇ ਦਾ ਨੁਕਸਾਨ ਹੋ ਰਿਹਾ ਹੈ। ਕੇਂਦਰ ਨੇ ਪੰਜਾਬ ਦੀ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਟੋਲ ਪਲਾਜਿਆਂ ਤੋਂ ਕਿਸਾਨਾਂ ਦਾ ਕਬਜਾ ਹਟਵਾਉਣ ਲਈ ਕਿਹਾ ਹੈ। ਰਾਸ਼ਟਰੀ ਰਾਜਮਾਰਗ ਅਥਾਰਿਟੀ ਆਫ ਇੰਡੀਆ ਦੇ ਚੇਅਰਮੈਨ ਵੱਲੋਂ ਪੰਜਾਬ ਦੀ ਮੁੱਖ ਸਕੱਤਰ ਵਿੰਨੀ ਮਹਾਜਨ ਨੂੰ ਲਿਖੇ ਪੱਤਰ 'ਚ ਕਿਹਾ ਹੈ ਕਿ ਕਿਸਾਨ ਅੰਦੋਲਨ ਦੇ ਕਾਰਨ ਅਕਤੂਬਰ 2020 ਤੋਂ ਹੀ ਟੋਲ ਪਲਾਜਿਆਂ 'ਤੇ ਕੰਮ ਬੰਦ ਹੈ, ਜਿਸ ਨਾਲ ਖਜਾਨੇ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਪੱਤਰ ਅਨੁਸਾਰ ਨੁਕਸਾਨ 830 ਕਰੋੜ ਰੁਪਏ ਦਾ ਹੈ ਜਦਕਿ ਟੋਲ ਪਲਾਜਾ ਵਾਲਿਆਂ ਨੂੰ ਜੋ ਮੁਆਵਜਾ ਦੇਣਾ ਪਵੇਗਾ, ਉਸ ਦੀ ਰਕਮ ਵੱਖ ਹੋਵੇਗੀ। ਮੰਤਰਾਲਾ ਨੇ ਇਸ ਬਾਰੇ ਪੰਜਾਬ ਦੇ ਮੁੱਖ ਮੰਤਰੀ ਨੂੰ ਪਹਿਲਾਂ ਵੀ ਇਕ ਪੱਤਰ ਲਿਖਿਆ ਸੀ ਪਰ ਅਜੇ ਤੱਕ ਹਾਲਾਤ 'ਚ ਬਦਲਾਅ ਨਹੀਂ ਹੋਇਆ। ਪੱਤਰ ਅਨੁਸਾਰ ਜਨਹਿੱਤ 'ਚ ਇਸ ਮਾਮਲੇ ਨੂੰ ਛੇਤੀ ਹੱਲ ਕੀਤਾ ਜਾਣਾ ਜਰੂਰੀ ਹੈ। ਪੱਤਰ 'ਚ ਪੰਜਾਬ ਨਾਲ ਛੇਤੀ ਹੱਲ ਦੀ ਗੱਲ ਕੀਤੀ ਗਈ ਹੈ। ਇਸ ਤੋਂ ਪਹਿਲਾਂ ਪੰਜਾਬ 'ਚ ਟੋਲ ਪਲਾਜਾ ਚਲਾ ਰਹੀਆਂ ਕੰਪਨੀਆਂ ਨੇ ਵੀ ਪੰਜਾਬ ਸਰਕਾਰ ਤੋਂ ਪੁਲਸ ਸੁਰੱਖਿਆ ਮੰਗੀ ਸੀ ਤਾਂ ਕਿ ਟੋਲ ਪਲਾਜੇ ਕਿਸਾਨਾਂ ਤੋਂ ਮੁਕਤ ਕਰਵਾ ਕੇ ਉਨ੍ਹਾਂ ਨੂੰ ਚਲਾਇਆ ਜਾ ਸਕੇ।

## ਕਰਨਾਲ ਲਾਠੀਚਾਰਜ : ਹਾਈ ਕੋਰਟ ਨੇ ਹਰਿਆਣਾ ਸਾਲਿਸੀਟਰ ਜਨਰਲ ਨੂੰ ਜਵਾਬ ਦਾਖਲ ਕਰਨ ਲਈ ਕਿਹਾ

**ਕਰਨਾਲ/ਲੋਕ ਬਾਣੀ**

ਹਰਿਆਣਾ ਦੇ ਕਰਨਾਲ 'ਚ ਸ਼ਨੀਵਾਰ ਨੂੰ ਕਿਸਾਨਾਂ 'ਤੇ ਲਾਠੀਚਾਰਜ ਦੀ ਘਟਨਾ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਹਰਿਆਣਾ ਦੇ ਸਾਲਿਸੀਟਰ ਜਨਰਲ ਨੂੰ ਜਵਾਬ ਦਾਖਲ ਕਰਨ ਲਈ ਕਿਹਾ ਹੈ। ਮੁਨੀਸ਼ ਲਾਠੇਰ ਅਤੇ ਕੁਝ ਹੋਰ ਵਕੀਲਾਂ ਦੀ ਦਾਇਰ ਪਟੀਸ਼ਨ 'ਤੇ ਹਾਈ ਕੋਰਟ ਦੇ ਚੀਫ ਜਸਟਿਸ ਨੇ ਇਹ ਨਿਰਦੇਸ਼ ਜਾਰੀ ਕੀਤਾ ਹੈ। ਪਟੀਸ਼ਨ 'ਚ ਸਵਾਲ ਚੁੱਕੇ ਗਏ ਹਨ ਕਿ ਐੱਸ.ਡੀ.ਐੱਮ. ਆਯੂਸ਼ ਸਿਨਹਾ ਅਤੇ ਪੁਲਸ ਅਧਿਕਾਰੀਆਂ ਦੀ ਕਾਰਵਾਈ ਨੂੰ ਕਾਨੂੰਨੀ ਕਰਾਰ ਦਿੱਤਾ ਜਾ ਸਕਦਾ ਹੈ? ਕੀ ਕਿਸਾਨਾਂ ਦਾ 28 ਅਗਸਤ ਦਾ ਸ਼ਾਂਤੀਪੂਰਨ ਪ੍ਰਦਰਸ਼ਨ ਸੀ.ਆਰ.ਪੀ.ਸੀ. ਦੇ ਅਧੀਨ ਗੈਰ ਕਾਨੂੰਨੀ ਭੀੜ ਹੈ? ਕੀ ਕਿਸਾਨਾਂ ਦੇ ਮੌਲਿਕ ਅਧਿਕਾਰਾਂ ਦਾ ਸਰਕਾਰੀ ਅਧਿਕਾਰੀਆਂ ਦੇ ਹੱਥੋਂ ਹਨਨ ਹੋਇਆ ਹੈ? ਕੀ ਨਾਗਰਿਕ ਪ੍ਰਸ਼ਾਸਨ ਅਤੇ ਪੁਲਸ ਦੀ ਕਾਰਵਾਈ ਸੀ.ਆਰ.ਪੀ.ਸੀ. ਦੇ ਸੈਕਟਰ 129 ਅਤੇ ਹੋਰ ਪ੍ਰਬੰਧਾਂ ਦੇ ਅਨੁਰੂਪ ਸੀ? ਕੀ ਸੰਵਿਧਾਨ ਦੀ ਧਾਰਾ 19 ਅਤੇ 21 ਦੇ ਅਧੀਨ ਬੁਨਿਆਦੀ ਅਧਿਕਾਰਾਂ ਦੇ ਹਨਨ ਨੂੰ ਲੈ ਕੇ ਕਿਸਾਨਾਂ ਨੂੰ ਮੁਆਵਜਾ ਮਿਲਣਾ ਚਾਹੀਦਾ। ਪਟੀਸ਼ਨ 'ਚ ਸ਼ਿਕਾਇਤ ਦੀ ਹਾਈ ਕੋਰਟ ਦੇ ਕਿਸੇ ਸੇਵਾਮੁਕਤ ਜੱਜ ਤੋਂ ਜਾਂਚ ਕਰਵਾਉਣ



ਅਤੇ ਐੱਸ.ਡੀ.ਐੱਮ. ਆਯੂਸ਼ ਸਿਨਹਾ, ਪੁਲਸ ਡਿਪਟੀ ਸੁਪਰਡੈਂਟ ਵੀਰੇਂਦਰ ਸੈਨੀ ਅਤੇ ਇੰਸਪੈਕਟਰ ਹਰਜਿੰਦਰ ਸਿੰਘ ਦੀ ਭੂਮਿਕਾ ਦੀ ਜਾਂਚ ਦੀ ਅਪੀਲ ਕੀਤੀ ਗਈ ਹੈ। ਜਖਮੀਆਂ ਨੂੰ ਮੁਆਵਜਾ ਦੇਣ ਦੀ ਅਪੀਲ ਕੀਤੀ ਗਈ ਹੈ। ਇਹ ਵੀ ਅਪੀਲ ਕੀਤੀ ਗਈ ਹੈ ਕਿ ਜਾਂਚ 'ਚ ਜੇਕਰ ਕਿਸੇ ਨੂੰ ਦੋਸ਼ੀ ਪਾਇਆ ਜਾਵੇ ਤਾਂ ਉਸ ਵਿਰੁੱਧ ਜਰੂਰੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪਟੀਸ਼ਨ 'ਚ ਪੰਜਾਬ ਅਤੇ ਹਰਿਆਣਾ ਨੂੰ ਬੰਬੂ ਲਾਠੀ ਦੇ ਪ੍ਰਯੋਗ 'ਤੇ ਬੈਨ ਲਗਾਉਣ ਅਤੇ ਵੈਕਲਪਿਕ ਲਾਠੀ ਜਿਵੇਂ ਪੋਲੀਕਾਰਬੋਨੇਟ ਲਾਠੀ, ਜੋ ਘੱਟ ਖਤਰਨਾਕ ਹੁੰਦੀ ਹੈ, ਦੇ ਇਸਤੇਮਾਲ ਦਾ ਨਿਰਦੇਸ਼ ਦੇਣ ਦੀ ਵੀ ਪ੍ਰਾਰਥਨਾ ਕੀਤੀ ਗਈ ਹੈ।

## ਕਸ਼ਮੀਰ 'ਚ ਮੋਬਾਈਲ ਸੇਵਾਵਾਂ, ਬ੍ਰਾਡਬੈਂਡ ਬਹਾਲ

**ਸ਼੍ਰੀਨਗਰ/ਲੋਕ ਬਾਣੀ**

ਵੱਖਵਾਦੀ ਨੇਤਾ ਸਈਦ ਅਲੀ ਸ਼ਾਹ ਗਿਲਾਨੀ ਦੀ ਮੌਤ ਤੋਂ ਬਾਅਦ ਸਾਵਧਾਨੀ ਦੇ ਤੌਰ 'ਤੇ ਬੁੱਧਵਾਰ ਰਾਤ ਤੋਂ ਮੁਲਤਵੀ ਰਹਿਣ ਤੋਂ ਬਾਅਦ ਸ਼ੁੱਕਰਵਾਰ ਰਾਤ ਸਾਰੇ ਟੈਲੀਫੋਨ ਸੇਵਾ ਪ੍ਰਦਾਤਾਵਾਂ (ਟੀ.ਐੱਸ.ਪੀ.) ਦੀਆਂ ਮੋਬਾਈਲ ਸੇਵਾਵਾਂ ਅਤੇ ਬ੍ਰਾਡਬੈਂਡ ਨੂੰ ਬਹਾਲ ਕਰ ਦਿੱਤਾ ਗਿਆ। ਭਾਰਤ ਸੰਚਾਰ ਨਿਗਮ ਲਿਮਟਿਡ (ਬੀ.ਐੱਸ.ਐੱਨ.ਐੱਲ.) ਦੇ ਬ੍ਰਾਡਬੈਂਡ ਹਾਲਾਂਕਿ ਬਿਨਾਂ ਕਿਸੇ ਰੁਕਾਵਟ ਦੇ ਕਸ਼ਮੀਰ ਘਾਟੀ ਵਿੱਚ ਕੰਮ ਕਰ ਰਹੇ ਸਨ। ਕਸ਼ਮੀਰ ਰੇਂਜ ਦੇ ਇੰਸਪੈਕਟਰ ਜਨਰਲ ਆਫ ਪੁਲਸ ਦੇ ਵਿਜੇ ਕੁਮਾਰ ਨੇ ਕਿਹਾ ਕਿ ਕਸ਼ਮੀਰ ਘਾਟੀ ਵਿੱਚ ਸਥਿਤੀ ਸਾਂਤੀਪੂਰਨ ਹੈ ਅਤੇ



ਕਿਤੋਂ ਵੀ ਕਿਸੇ ਅਣਸੁਖਾਵੀਂ ਘਟਨਾ ਦੀ ਸੂਚਨਾ ਨਹੀਂ ਹੈ। ਸ਼੍ਰੀ ਕੁਮਾਰ ਨੇ ਵੱਖ-ਵੱਖ ਸਥਾਨਾਂ 'ਤੇ ਤਾਇਨਾਤ ਪੁਲਸ ਅਤੇ ਸੁਰੱਖਿਆ ਕਰਮਚਾਰੀਆਂ ਦੇ ਨਾਲ ਅਤੇ ਕਾਨੂੰਨ-ਵਿਵਸਥਾ ਬਣਾਏ ਰੱਖਣ ਵਿੱਚ ਸਹਿਯੋਗ ਲਈ ਲੋਕਾਂ ਨੂੰ ਧੰਨਵਾਦ ਦਿੱਤਾ। ਸ਼ਾਂਤੀਪੂਰਨ ਸਥਿਤੀ ਨੂੰ ਵੇਖਦੇ ਹੋਏ ਸਾਰੇ ਟੀ.ਐੱਸ.ਪੀ. ਦੀ ਮੋਬਾਈਲ ਸੇਵਾ (ਵਾਇਸ ਕਾਲ) ਅਤੇ ਬ੍ਰਾਡਬੈਂਡ ਸ਼ੁੱਕਰਵਾਰ ਰਾਤ ਤੋਂ ਖੁੱਲ੍ਹ ਗਏ। ਇਸ ਦੌਰਾਨ ਬੀ.ਐੱਸ.ਐੱਨ.ਐੱਲ. ਦੀਆਂ ਮੋਬਾਈਲ ਸੇਵਾਵਾਂ 'ਤੇ ਇੰਟਰਨੈੱਟ ਅਤੇ ਬ੍ਰਾਡਬੈਂਡ ਕਦੇ ਬੰਦ ਨਹੀਂ ਹੋਏ। ਸ਼੍ਰੀ ਕੁਮਾਰ ਨੇ ਕਿਹਾ ਕਿ ਹੋਰ ਸੇਵਾ ਪ੍ਰਦਾਤਾਵਾਂ ਦੀ ਮੋਬਾਈਲ ਸੇਵਾ 'ਤੇ ਇੰਟਰਨੈੱਟ ਐਤਵਾਰ ਨੂੰ ਦੁਪਹਿਰ ਤੋਂ ਬਾਅਦ ਤੱਕ ਬੰਦ ਰਹੇਗੀ।

## ਅਤਵਾਦੀ ਹਮਲਾ ਨਿਊਜ਼ੀਲੈਂਡ ਵਿਚ 6 ਵਿਅਕਤੀ ਜਖਮੀ

**ਵਲਿੰਗਟਨ/ਲੋਕ ਬਾਣੀ**



ਨਿਊਜੀਲੈਂਡ ਦੇ ਅਧਿਕਾਰੀਆਂ ਨੇ ਅੱਜ ਕਿਹਾ ਕਿ ਉਨ੍ਹਾਂ ਨੇ ਸੁਪਰਮਾਰਕੀਟ ਵਿੱਚ ਛੇ ਲੋਕਾਂ ਨੂੰ ਚਾਕੂ ਮਾਰਨ ਵਾਲੇ ਹਿੰਸਕ ਕੱਟੜਪੰਥੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਇਸ ਨੂੰ ਅਤਿਵਾਦੀ ਹਮਲਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਮਲਾਵਰ ਸ੍ਰੀਲੰਕਾ ਦਾ ਨਾਗਰਿਕ ਸੀ, ਜੋ ਇਸਲਾਮਿਕ ਸਟੇਟ ਸਮੂਹ ਦੇ ਪ੍ਰਭਾਵ ਹੇਠ ਸੀ। ਉਹ ਦੇਸ ਦੀਆਂ ਸੁਰੱਖਿਆ ਏਜੰਸੀਆਂ ਦੀ ਰਾਡਾਰ 'ਤੇ ਸੀ ਅਤੇ ਚੌਵੀ ਘੰਟੇ ਨਿਗਰਾਨੀ ਹੇਠ ਸੀ। ਕਾਨੂੰਨ ਮੁਤਾਬਕ ਉਸ ਨੂੰ ਜੇਲ੍ਹ ਵਿੱਚ ਨਹੀਂ ਰੱਖਿਆ ਜਾ ਸਕਦਾ ਸੀ, ਜਿਨ੍ਹਾਂ ਨੂੰ ਛੁਰਾ ਮਾਰਿਆ ਗਿਆ ਹੈ ਉਨ੍ਹਾਂ ਵਿਚੋਂ ਤਿੰਨ ਦੀ ਹਾਲਤ ਗੰਭੀਰ ਹੈ।

## ਔਰਤਾਂ ਨੇ ਅਫਗਾਨਿਸਤਾਨ ਦੇ ਕਾਬੁਲ ਵਿਚ ਸਰਕਾਰ ਵਿਚ ਆਪਣੀ ਹਿੱਸੇਦਾਰੀ ਲਈ ਪ੍ਰਦਰਸ਼ਨ ਕੀਤਾ

**ਕਾਬੁਲ/ਲੋਕ ਬਾਣੀ**



ਕੁੱਝ ਔਰਤਾਂ ਨੇ ਅੱਜ ਇਥੇ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਰਾਸਟਰਪਤੀ ਨਿਵਾਸ ਦੇ ਬਾਹਰ ਪ੍ਰਦਰਸ਼ਨ ਕਰਕੇ ਦੇਸ ਦੀ ਨਵੀਂ ਤਾਲਿਬਾਨ ਲੀਡਰਸਪਿ ਨੂੰ ਔਰਤਾਂ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਣ ਅਤੇ ਆਉਣ ਵਾਲੀ ਸਰਕਾਰ ਵਿੱਚ ਔਰਤਾਂ ਪ੍ਰਤੀਨਿਧਤਾ ਦੇਣ ਦੀ ਅਪੀਲ ਕੀਤੀ। 12 ਔਰਤਾਂ ਨੇ ਰਾਸਟਰਪਤੀ ਭਵਨ ਦੇ ਗੇਟ 'ਤੇ ਪੋਸਟਰ ਫੜੇ ਹੋਏ ਸਨ ਜਿਨ੍ਹਾਂ ਤੇ ਲਿਖਿਆ ਸੀ, 'ਔਰਤਾਂ ਦੀ ਸ਼ਮੂਲੀਅਤ ਵਾਲਾ ਸਾਹਸੀ ਕੈਬਨਿਟ।'

## ਵੱਡੀ ਗਿਣਤੀ ਵਿੱਚ ਮਾਰੂਤੀ ਨੇ ਆਪਣੀਆਂ ਗੱਡੀਆਂ ਦੇ ਖਰਾਬ ਮੋਟਰ ਜਨਰੇਟਰ ਬਦਲਣ ਦੀ ਸ਼ੁਰੂਆਤ ਕੀਤੀ

**ਨਵੀਂ ਦਿੱਲੀ/ਕਪੂਰ**



ਦੇਸ ਦੀ ਸਭ ਤੋਂ ਵੱਡੀ ਵਾਹਨ ਨਿਰਮਾਤਾ ਮਾਰੂਤੀ ਸੁਜੂਕੀ ਇੰਡੀਆ (ਐੱਮਐੱਸਆਈ) ਨੇ ਖਰਾਬ ਮੋਟਰ ਜਨਰੇਟਰਾਂ ਨੂੰ ਬਦਲਣ ਲਈ ਸੀਆਜ, ਵਿਟਾਰਾ ਬ੍ਰੇਜਾ ਅਤੇ ਐੱਕਸਐੱਲ 6 ਸਮੇਤ ਵੱਖ ਵੱਖ ਮਾਡਲਾਂ ਦੀਆਂ 1,81,754 ਗੱਡੀਆਂ ਨੂੰ ਵਾਪਸ ਮੰਗਵਾਇਆ ਹੈ। ਕੰਪਨੀ ਨੇ ਕਿਹਾ ਕਿ ਇਹ ਫੈਸਲਾ 4 ਮਈ 2018 ਅਤੇ 27 ਅਕਤੂਬਰ 2020 ਦੇ ਵਿਚਕਾਰ ਤਿਆਰ ਕੀਤੇ ਮਾਡਲਾਂ ਵਿੱਚ ਖਰਾਬੀ ਦੀ ਜਾਂਚ ਲਈ ਕੀਤਾ ਗਿਆ ਹੈ।

## ਮਹਿਲਾ ਖਿਡਾਰੀ ਨੇ ਪੈਰਾਲੰਪਿਕਸ ਤਗਮੇ ਜਿੱਤ ਕੇ ਭਾਰਤ ਦਾ ਨਾਮ ਰੋਸ਼ਨ ਕੀਤਾ

**ਟੋਕੀਓ/ਲੋਕ ਬਾਣੀ**



ਨਿਸਾਨੇਬਾਜ ਅਵਨੀ ਲੇਖਰਾ ਨੇ ਅੱਜ ਇੱਥੇ ਟੋਕੀਓ ਪੈਰਾਲੰਪਿਕਸ ਦੇ 50 ਮੀਟਰ ਰਾਈਫਲ ਈਵੈਂਟ ਵਿੱਚ ਕਾਂਸੀ ਦਾ ਤਗਮਾ ਜਿੱਤ ਲਿਆ ਤੇ ਇਸ ਤਰ੍ਹਾਂ ਦੋ ਪੈਰਾਲੰਪਿਕ ਤਗਮੇ ਜਿੱਤਣ ਵਾਲੀ ਉਹ ਪਹਿਲੀ ਭਾਰਤੀ ਮਹਿਲਾ ਅਥਲੀਟ ਬਣ ਗਈ। 19 ਸਾਲਾ ਲੇਖਰਾ ਇਸ ਤੋਂ ਪਹਿਲਾਂ 10 ਮੀਟਰ ਏਅਰ ਰਾਈਫਲ ਸਟੈਂਡਿੰਗ ਈਵੈਂਟ ਵਿੱਚ ਸੋਨ ਤਗਮਾ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਬਣੀ ਸੀ।

### ਇੱਛੁਕ ਪੱਤਰਕਾਰਾਂ ਲਈ ਸੂਚਨਾ



ਬਟਾਲਾ, ਗੁਰਦਾਸਪੁਰ, ਪਠਾਨਕੋਟ ਜ਼ਿਲ੍ਹੇ ਦੇ ਇੱਛੁਕ ਪੱਤਰਕਾਰ ਜੋ ਸਾਡੇ ਅਦਾਰੇ ਨਾਲ ਜੁੜਨਾ ਚਾਹੁੰਦੇ ਹਨ ਸਾਡੇ ਜ਼ਿਲ੍ਹਾ ਇੰਚਾਰਜ ਨਵਨੀਤ ਕੁਮਾਰ ਨਾਲ ਸੰਪਰਕ ਕਰਨ

9417658029

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਕੌਂਸਲਰਾਂ ਵੱਲੋਂ ਐੱਸ.ਡੀ.ਆਈ.ਸੀ. ਦੇ ਜ਼ਿਲ੍ਹਾ ਪ੍ਰਧਾਨ ਘਣਸ਼ਿਆਮ ਕਾਂਸਲ ਦਾ ਜਨਮਦਿਨ ਮਨਾਇਆ



**ਸੁਨਾਮ/ਵਰਮਾ**

ਸੰਗਰੂਰ ਡਿਸਟ੍ਰਿਕ ਇੰਡਸਟਰੀ ਚੈਂਬਰ ਦੇ ਜ਼ਿਲ੍ਹਾ ਪ੍ਰਧਾਨ ਘਣਸ਼ਿਆਮ ਕਾਂਸਲ ਦਾ ਜਨਮਦਿਨ ਸਥਾਨਕ ਸ਼ਹਿਰ ਦੇ ਨਗਰ ਕੌਂਸਲਰਾਂ ਅਤੇ ਉਨ੍ਹਾਂ ਦੇ ਸ਼ੁਭਚਿੰਤਕਾਂ ਵੱਲੋਂ ਇੱਕ ਰੈਸਟੋਰੈਂਟ ਵਿਖੇ ਮਨਾਇਆ ਗਿਆ। ਘਣਸ਼ਿਆਮ ਕਾਂਸਲ ਨੂੰ ਹਾਜ਼ਰ ਵਿਅਕਤੀਆਂ ਨੇ ਜਨਮਦਿਨ ਦੀ ਮੁਬਾਰਕਬਾਦ ਦਿੱਤੀ। ਘਣਸ਼ਿਆਮ ਵੱਲੋਂ ਜਨਮਦਿਨ ਕੇਕ ਕੱਟਿਆ ਗਿਆ। ਇਸ ਮੌਕੇ ਹਾਜਰ ਨਗਰ ਕੌਂਸਲਰਾਂ ਅਤੇ ਸ਼ੁਭਚਿੰਤਕਾਂ ਨੇ ਕਿਹਾ ਕਿ ਘਣਸ਼ਿਆਮ ਕਾਂਸਲ ਪਿਛਲੇ ਲੰਮੇ ਸਮੇਂ ਤੋਂ ਸਮਾਜ ਸੇਵਾ ਕਰਦੇ ਆ ਰਹੇ ਹਨ। ਜਿਸ ਕਾਰਨ ਉਹ ਸਮਾਜ ਵਿੱਚ ਬਹੁਤ ਲੋਕਪ੍ਰਿਆ ਹਨ। ਅਜਿਹੀ ਸਨਮਾਨਿਤ ਸ਼ਖਸੀਅਤ ਦਾ ਜਨਮ ਦਿਨ ਮਨਾਉਂਦੇ ਹੋਏ ਸਾਨੂੰ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ। ਉਨ੍ਹਾਂ ਦੇ ਜਨਮਦਿਨ ਮੌਕੇ ਅਸੀਂ ਪਰਮਪਿਤਾ ਪ੍ਰਮਾਤਮਾ ਨੂੰ ਪ੍ਰਾਰਥਨਾ ਕਰਦੇ ਹਾਂ ਕਿ ਪਰਮਾਤਮਾ ਉਨ੍ਹਾਂ ਨੂੰ ਲੰਮੀ ਉਮਰ ਅਤੇ ਸਿਹਤਯਾਬ ਜ਼ਿੰਦਗੀ ਬਖਸ਼ੇ। ਤਾਂ ਕਿ ਉਹ ਭਵਿੱਖ ਵਿੱਚ ਪਹਿਲਾਂ ਨਾਲੋਂ ਵੀ ਵੱਧ ਚੜ੍ਹ ਕੇ ਸਮਾਜ ਸੇਵਾ ਦੇ ਕੰਮ ਕਰਦੇ ਰਹਿਣ।

ਇਸ ਮੌਕੇ ਡਿਸਟ੍ਰਿਕ ਇੰਡਸਟਰੀ ਚੈਂਬਰ ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਘਣਸ਼ਿਆਮ ਕਾਂਸਲ ਨੇ ਕਿਹਾ ਕਿ ਉਨ੍ਹਾਂ ਦਾ ਜਨਮ ਦਿਨ ਮਨਾਉਣ ਲਈ ਉਹ ਸਾਰੇ ਭਰਾਵਾਂ ਦਾ ਧੰਨਵਾਦ ਕਰਦੇ ਹਨ। ਉਹ ਆਪਣੇ ਆਪ ਨੂੰ ਬਹੁਤ ਖੁਸ਼ਕਿਸਮਤ ਸਮਝਦੇ ਹਨ ਕਿ ਉਨ੍ਹਾਂ ਨੂੰ ਅਜਿਹੇ ਭਰਾ ਮਿਲੇ ਹਨ, ਜਿਨ੍ਹਾਂ ਨੇ ਮੇਰਾ ਜਨਮ ਦਿਨ ਆਰਗੇਨਾਈਜ਼ ਕੀਤਾ ਅਤੇ ਇਸ ਲਈ ਆਪਣਾ ਕੀਮਤੀ ਸਮਾਂ ਕੱਢਿਆ। ਉਨ੍ਹਾਂ ਕਿਹਾ ਕਿ ਅਜਿਹੇ ਭਰਾਵਾਂ ਦੇ ਸਹਿਯੋਗ ਨਾਲ ਹੀ ਮੈਂ ਸਮਾਜ ਸੇਵਾ ਵਿੱਚ ਆਪਣਾ ਯੋਗਦਾਨ ਦੇ ਸਕਿਆ ਹਾਂ। ਉਨ੍ਹਾਂ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਸਾਰੇ ਭਰਾ ਮੇਰੇ ਮੋਢੇ ਨਾਲ ਮੋਢਾ ਜੋੜ ਕੇ ਸਮਾਜ ਸੇਵਾ ਦੇ ਖੇਤਰ ਵਿੱਚ ਸਹਿਯੋਗ ਕਰਦੇ ਰਹਿਣਗੇ।

ਇਸ ਮੌਕੇ ਮਾਰਕੀਟ ਕਮੇਟੀ ਸੁਨਾਮ ਦੇ ਚੇਅਰਮੈਨ ਮੁਨੀਸ਼ ਸੋਨੀ, ਚਮਕੌਰ ਹਾਂਡਾ, ਹਰਪਾਲ ਹਾਂਡਾ, ਪ੍ਰੇਮ ਚੰਦ ਧਮਾਕਾ, ਬਲਜੀਤ ਸਿੰਘ, ਆਸ਼ੂ ਖੜਿਆਲੀਆ, ਸੱਤਪਾਲ ਸੱਤੀ ਸਮੇਤ ਹੋਰ ਵੀ ਹਾਜ਼ਰ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਵੱਲੋਂ 11 ਸਤੰਬਰ ਨੂੰ ਲਗਾਈ ਜਾਵੇਗੀ ਕੌਮੀ ਲੋਕ ਅਦਾਲਤ




**ਜਲੰਧਰ/ਹਰਬੰਸ ਬਿੱਟੂ**

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਮੁਤਾਬਕ ਜਲ੍ਹਿਾ ਤੇ ਸੈਸਨਜ ਜੱਜ-ਕਮ-ਚੇਅਰਮੈਨ ਜਲ੍ਹਿਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਰੁਪਿੰਦਰਜੀਤ ਚਹਿਲ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਵੱਲੋਂ 11.09.2021 ਨੂੰ ਕੌਮੀ ਲੋਕ ਅਦਾਲਤ ਦਾ ਆਯੋਜਨ ਜੁਡੀਸੀਅਲ ਅਦਾਲਤਾਂ ਵਿੱਚ ਲੰਬਿਤ ਸਿਵਲ ਅਤੇ ਫੌਜਦਾਰੀ ਦੇ ਸਮਝੌਤਾ ਹੋ ਸਕਣ ਵਾਲੇ ਕੇਸਾਂ ਅਤੇ ਹੋਰ ਸੰਸਥਾਵਾਂ ਜਿਵੇਂ ਬੈਂਕਾਂ, ਬਿਜਲੀ ਵਿਭਾਗ, ਵਿੱਤੀ ਸੰਸਥਾਨਾਂ ਦੇ ਪ੍ਰੀਲਿਟੀਗੇਟਿਵ ਕੇਸਾਂ ਦਾ ਫੈਸਲਾ ਰਾਜ਼ੀਨਾਮੇ ਰਾਹੀਂ ਕਰਵਾਉਣ ਲਈ ਕੀਤਾ ਜਾ ਰਿਹਾ ਹੈ । ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜਲ੍ਹਿਾ ਤੇ ਸੈਸਨਜ ਜੱਜ-ਕਮ-ਚੇਅਰਮੈਨ ਜਲ੍ਹਿਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਰੁਪਿੰਦਰਜੀਤ ਚਹਿਲ ਨੇ ਦੱਸਿਆ ਕਿ ਇਸ ਦਿਨ ਮੋਟਰ ਦੁਰਘਟਨਾ ਕਲੇਮ ਕੇਸ, ਹਿੰਦੂ ਮੈਰਿਜ ਐਕਟ ਕੇਸ, ਵਿਵਾਹਿਕ ਝਗੜੇ, ਦੀਵਾਨੀ ਕੇਸ, ਚੈੱਕ ਬਾਊਂਸ ਦੇ ਮਾਮਲੇ ਅਤੇ ਫੌਜਦਾਰੀ ਤੇ ਸਮਝੌਤਾ ਹੋ ਸਕਣ ਵਾਲੇ ਕੇਸ ਅਤੇ ਹੋਰ ਸੰਸਥਾਵਾਂ ਜਿਵੇਂ ਬੈਂਕਾਂ, ਬਿਜਲੀ ਵਿਭਾਗ, ਵਿੱਤੀ ਸੰਸਥਾਨਾਂ ਦੇ ਪ੍ਰੀਲਿਟੀਗੇਟਿਵ ਕੇਸਾਂ ਦਾ ਫੈਸਲਾ ਰਾਜ਼ੀਨਾਮੇ ਰਾਹੀਂ ਕਰਵਾਉਣ ਲਈ ਕੌਮੀ ਲੋਕ ਅਦਾਲਤਾਂ ਲਗਾਈਆਂ ਜਾਣਗੀਆਂ ।

> **ਲੋਕ ਅਦਾਲਤ ਦਾ ਫੈਸਲਾ ਅੰਤਿਮ, ਇਸ ਦੇ ਖਿਲਾਫ ਕਿਸੇ ਵੀ ਕਚਿਹਰੀ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ : ਜਿਲ੍ਹਾ ਤੇ ਸੈਸਨਜ ਜੱਜ**

ਉਨ੍ਹਾਂ ਅੱਗੇ ਦੱਸਿਆ ਕਿ ਕੌਮੀ ਲੋਕ ਅਦਾਲਤਾਂ ਜਲੰਧਰ, ਨਕੋਦਰ ਅਤੇ ਫਿਲੌਰ ਵਿਖੇ ਲਗਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਦਾ ਫੈਸਲਾ ਅੰਤਿਮ ਹੁੰਦਾ ਹੈ ਅਤੇ ਇਸ ਦੇ ਖਿਲਾਫ ਕਿਸੇ ਵੀ ਕਚਿਹਰੀ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਦਾਲਤੀ ਕੇਸਾਂ ਦਾ ਨਿਪਟਾਰਾ ਕਰਵਾਉਣ ਲਈ ਸੰਬੰਧਤ ਅਦਾਲਤਾਂ ਨੂੰ ਲਿਖਤੀ ਬੇਨਤੀ ਕਰ ਸਕਦੇ ਹਨ। ਸੀ.ਜੇ.ਐੱਮ.-ਕਮ-ਸਕੱਤਰ ਜਲ੍ਹਿਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਡਾ. ਗਗਨਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੈਂਕਾਂ ਅਤੇ ਮੋਟਰ ਦੁਰਘਟਨਾ ਕਲੇਮ ਦੇ ਕੇਸਾਂ ਦਾ ਨਿਪਟਾਰਾ ਕਰਨ ਲਈ ਬੈਂਕ ਅਧਿਕਾਰੀਆਂ ਅਤੇ ਬੀਮਾ ਕੰਪਨੀਆਂ ਦੇ ਅਧਿਕਾਰੀਆਂ ਨਾਲ ਵਿਕਲਪੀ ਝਗੜਾ ਨਿਵਾਰਣ ਕੇਂਦਰ ਜਲ੍ਹਿਾ ਕਚਿਹਰੀਆਂ ਜਲੰਧਰ ਵਿਖੇ ਮੀਟਿੰਗਾਂ ਕੀਤੀਆਂ ਗਈਆਂ ਹਨ ਅਤੇ ਬੈਂਕ ਅਧਿਕਾਰੀਆਂ , ਮੋਬਾਈਲ ਕੰਪਨੀ ਦੇ ਅਧਿਕਾਰੀਆਂ ਤੇ ਬੀਮਾਂ ਕੰਪਨੀ ਦੇ ਅਧਿਕਾਰੀਆਂ ਨੂੰ ਆਖਿਆ ਗਿਆ ਹੈ ਕਿ ਉਹ ਵੱਖ-ਵੱਖ ਕੋਰਟਾਂ ਵਿੱਚ ਚਲਦੇ ਕੇਸਾਂ ਵਿੱਚ ਸੰਬੰਧਤ ਧਿਰਾਂ ਨਾਲ ਰਾਜ਼ੀਨਾਮੇ ਰਾਹੀਂ ਇਸ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਵਾਉਣ।

# ਕੈਬਨਿਟ ਮੰਤਰੀ ਅਰੁਨਾ ਚੌਧਰੀ ਨੂੰ ਵੱਡੇ ਫਰਕ ਨਾਲ ਜਿਤਾਉਣਗੇ ਦੀਨਾਨਗਰੀਏ : ਵਰਿੰਦਰ ਨੌਸ਼ਹਿਰਾ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਜਿਉਂ ਜਿਉਂ ਵਿਧਾਨਸਭਾ ਚੋਣਾਂ ਨੇੜੇ ਆ ਰਹੀਆਂ ਹਨ ਤਿਉਂ ਤਿਉਂ ਦੀਨਾਨਗਰ ਵਿਧਾਨਸਭਾ ਸਭਾ ਹਲਕੇ ਚ ਵਿਕਾਸ ਦੀ ਰਫਤਾਰ ਤੇਜ ਹੁੰਦੀ ਜਾ ਰਹੀ ਹੈ ਅਤੇ ਹਰ ਪਾਸੇ ਵਿਕਾਸ ਦੇ ਕੰਮ ਲੱਗੇ ਹੋਏ ਹਨ। ਕੈਬਨਿਟ ਮੰਤਰੀ ਅਰੁਨਾ ਚੋਧਰੀ ਵਲੋਂ ਹਲਕੇ ਅੰਦਰ ਸ਼ਹਿਰ ਚ ਤੇ ਪਿੰਡਾਂ ਚ ਅਣਗਿਣਤ ਕੰਮ ਸ਼ੁਰੂ ਕਰਵਾਏ ਹੋਏ ਹਨ ਜੋ ਕੁੱਝ ਹੀ ਮਹੀਨਿਆਂ ਚ ਮੁਕੰਮਲ ਹੋ ਜਾਣਗੇ। ਇਹ ਵਿਚਾਰ ਸੀਨੀਅਰ ਕਾਂਗਰਸੀ ਆਗੂ ਅਤੇ ਬਲਾਕ ਸੰਮਤੀ ਮੈਂਬਰ ਵਰਿੰਦਰ ਨੌਸ਼ਹਿਰਾ ਨੇ ਅੱਜ ਵਿਸ਼ੇਸ਼ ਗੱਲਬਾਤ ਦੌਰਾਨ ਕਹੇ। ਵਰਿੰਦਰ ਨੌਸ਼ਹਿਰਾ ਨੇ ਕਿਹਾ ਕਿ ਕੈਬਨਿਟ ਮੰਤਰੀ ਅਰੁਨਾ ਚੋਧਰੀ ਨੇ ਦੀਨਾਨਗਰ ਹਲਕੇ ਚ ਅਨੇਕਾਂ ਹੀ ਵਿਕਾਸ ਦੇ ਕੰਮ ਸ਼ੁਰੂ ਕਰਵਾਏ ਹੋਏ ਹਨ ਜਿਨ੍ਹਾਂ ਦਾ ਕੰਮ ਜੰਗੀ ਪੱਧਰ ਤੇ ਚੱਲ ਰਿਹਾ ਹੈ। ਉਨਾਂ ਕਿਹਾ ਕਿ ਓਵਰਬ੍ਰਿਜ ਦਾ ਕੰਮ, ਸੀਵਰੇਜ ਦਾ ਕੰਮ ਇਸ ਵਕਤ ਰਾਤ ਦਿਨ ਲੱਗਾ ਹੋਇਆ ਹੈ ਜੋ



ਕਿ ਕੁਝ ਹੀ ਮਹੀਨਿਆਂ ਚ ਮੁਕੰਮਲ ਹੋ ਜਾਵੇਗਾ। ਉਨਾਂ ਕਿਹਾ ਕਿ ਦੀਨਾਨਗਰ ਨੂੰ ਸਬ ਡਵੀਜ਼ਨ ਬਣਾ ਕੇ ਮੰਤਰੀ ਸਾਹਿਬਾ ਨੇ ਲੋਕਾਂ ਦਾ ਦਿਲ ਜਿੱਤ ਲਿਆ ਹੈ, ਜਿਸਦੀ ਬਿਲਡਿੰਗ ਵੀ ਬਹੁਤ ਜਲਦੀ ਬਣ ਕੇ ਤਿਆਰ ਹੋ ਜਾਵੇਗੀ। ਉਨਾਂ ਕਿਹਾ ਕਿ ਬੇਅੰਤ ਕਾਲਜ ਨੂੰ ਯੂਨੀਵਰਸਿਟੀ ਦਾ ਦਰਜਾ ਦਿਵਾਉਣਾ, ਪਿੰਡ ਸਿੱਧਪੁਰ ਚ ਇੰਜੀਨੀਅਰਿੰਗ ਕਾਲਜ ਬਣਾਉਣਾ ਅਤੇ ਦੋਦਵਾਂ ਚ ਆਈਟੀਆਈ ਸਥਾਪਤ ਕਰਨਾ ਹਲਕੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਉਨਾਂ ਕਿਹਾ ਕਿ ਕੈਬਨਿਟ ਮੰਤਰੀ ਅਰੁਨਾ ਚੋਧਰੀ ਨੇ ਸ਼ਹਿਰਾਂ ਅਤੇ ਪਿੰਡਾਂ ਦੇ ਪਾੜੇ ਨੂੰ ਖਤਮ ਕਰਨ ਲਈ ਪਿੰਡਾਂ ਵਿਚ ਵੀ ਸੋਲਰ ਲਾਈਟਾਂ ਲਗਵਾਈਆਂ ਗਈਆਂ ਹਨ ਜਿਸ ਕਾਰਨ ਪਿੰਡਾਂ ਦੇ ਲੋਕਾਂ ਚ ਅਰੁਨਾ ਚੋਧਰੀ ਪ੍ਰਤੀ ਕਾਫੀ ਖੁਸ਼ੀ ਦੇਖਣ ਨੂੰ ਮਿਲ ਰਹੀ ਹੈ। ਉਨਾਂ ਕਿਹਾ ਕਿ ਜਿੰਨਾ ਵਿਕਾਸ ਕੈਬਨਿਟ ਮੰਤਰੀ ਅਰੁਨਾ ਚੋਧਰੀ ਦੇ ਕਾਰਜਕਾਲ ਦੌਰਾਨ ਹੋਇਆ ਹੈ ਪਹਿਲਾਂ ਕਦੇ ਵੀ ਨਹੀਂ ਹੋਇਆ ਜਿਸ ਕਾਰਨ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਚ ਦੀਨਾਨਗਰ ਹਲਕੇ ਦੇ ਲੋਕ ਕੈਬਨਿਟ ਮੰਤਰੀ ਅਰੁਨਾ ਚੋਧਰੀ ਨੂੰ ਵੱਡੀ ਲੀਡ ਨਾਲ ਜਿਤਾ ਕੇ ਫਿਰ ਤੋ ਇਤਿਹਾਸ ਰਚਣਗੇ।

# ਹਲਕਾ ਇੰਚਾਰਜ ਦੀਪਇੰਦਰ ਢਿੱਲੋਂ ਵਲੋਂ 91 ਬੇ-ਜ਼ਮੀਨੇ ਕਾਮਿਆ ਨੂੰ ਸੌਂਪੇ ਕਰਜਾ ਮੁਆਫੀ ਦੇ ਸਰਟੀਫਿਕੇਟ



**ਜੀਰਕਪੁਰ/ਰਵੀ ਜੀਰਕਪੁਰ**

ਹਲਕਾ ਕਾਂਗਰਸ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਜੀ ਵੱਲੋਂ ਅੱਜ ਭਬਾਤ ਕੋ-ਆਪਰੇਟੀਵ ਸੁਸਾਇਟੀ ਦੇ ਬੇਜਮੀਨੇ ਮੈਬਰਾਂ ਨੂੰ ਕਾਰਜ ਮਾਫੀ ਦੇ ਸਰਟੀਫਿਕੇਟ ਵੰਡੇ ਗਏ।ਇਸ ਤੋਂ ਪਹਿਲਾਂ ਢਿੱਲੋਂ ਖੇਤਰ ਦੇ ਕਰੀਬ ਅੱਧੀ ਦਰਜਣ ਪਿੰਡਾਂ ਵਿੱਚ ਲੋਕਾਂ ਨੂੰ ਕਰਜਾ ਮੁਆਫੀ ਦੇ ਚੈਕ ਵੰਡ ਚੁੱਕੇ ਹਨ ਅੱਜ ਵੀ ਉਨ ਾਂ ਵਲੋਂ ਭਬਾਤ ਸੁਸਾਇਟੀ ਦੇ 91 ਬੇ-ਜ਼ਮੀਨੇ ਖੇਤ ਮਾਜਦੂਰਾਂ ਦਾ 16.5 ਲੱਖ ਦਾ ਕਾਰਜ ਮਾਫ ਕੀਤਾ ਗਿਆ ਹੈ ਇਸ ਮੌਕੇ ਢਿੱਲੋਂ ਨੇ ਕਿਹਾ ਕਿ ਕਾਂਗਰਸ ਸਰਕਾਰ ਵਲੋਂ ਜੋ ਵਾਅਦੇ ਕੀਤੇ ਗਏ ਸਨ ਉਨ ਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਉਨ ਾਂ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਵਲੋਂ ਕੀਤੇ ਜਾ ਰਹੇ ਲੋਕ ਭਲਾਈ ਦੇ ਕੰਮਾਂ ਕਾਰਨ ਬਾਕੀ ਸਿਆਸੀ ਪਾਰਟੀਆਂ ਦੇ ਆਗੂ ਬੁਖਲਾ ਗਏ ਹਨ ਜਿਸ ਕਾਰਨ ਉਨ ਾ ਵਲੋਂ ਸਰਕਾਰ ਨੂੰ ਭੰਡਿਆ ਜਾ ਰਿਹਾ ਹੈ ਉਨ ਾਂ ਕਿਹਾ ਕਿਉਨ ਾ ਵਲੋਂ ਜੀਰਕਪੁਰ ਖੇਤਰ ਸਮੇਤ ਸਮੁੱਚੇ ਡੇਰਾਬਸੀ ਹਲਕੇ ਵਿੱਚ ਬਿਨਾ ਭੇਦਭਾਵ ਵਿਕਾਸ ਕਾਰਨ ਕਰਵਾਏ ਜਾ ਰਹੇ ਹਨ ਢਿੱਲੋਂ ਨੇ ਅੱਗੇ ਕਿਹਾ ਕਿ ਜੀਰਕਪੁਰ ਡੇਰਾਬਸੀ ਅਤੇ ਲਾਲੜੂ ਵਿੱਚ ਅਕਾਲੀਦਲ ਦਾ ਸੰਪੂਰਨ ਸਫਾਇਆ ਹੋਣ ਤੋਂ ਬਾਅਦ ਲੋਕ 15-15 ਸਾਲ ਤੋਂ ਲਟਕਦੇ ਕੰਮ ਕਰਵਾਉਣ ਲਈ ਉਨ ਾ ਨਾਲ ਸੰਪਰਕ ਕਰ ਰਹੇ ਹਨ ਅਤੇ ਉਨ ਾ ਵਲੋਂ ਲੋਕਾਂ ਦੀਆ ਮੁਢਲੀਆ ਸਹੂਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਿਨਾ ਦੇਰੀ ਤੋਂ ਉਨ ਾਂ ਦੇ ਕੰਮ ਕਰਵਾਏ ਜਾ ਰਹੇ ਹਨ ਉਨ ਾ ਦਸਿਆ ਕਿ ਸਰਕਾਰ ਵਲੋਂ ਹਲਕਾ ਡੇਰਾਬਸੀ ਦੇ 1109 ਬੇਜਮੀਨੇ ਮੈਬਰਾਂ ਦਾ ਕੁੱਲ 2 ਕਰੋੜ 39 ਲੱਖ ਰੁਪਏ ਦਾ ਕਰਜਾ ਮਾਫ ਕੀਤਾ ਗਿਆ ਹੈ ।ਕਰਜਾ ਮੁਆਫ ਹੋਣ ਦੀ ਖੁਸੀ ਵਿੱਚ ਖੀਵੇ ਹੋਏ ਲੋਕਾਂ ਵਲੋਂ ਪੰਜਾਬ ਸਰਕਾਰ ਅਤੇ ਹਲਕਾ ਡੇਰਾਬਸੀ ਦੇ ਇੰਚਾਰਜ ਦੀਪਇੰਦਰ ਢਿੱਲੋਂ ਦਾ ਧੰਨਵਾਦ ਕੀਤਾ ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਸੁਰੇਸ਼ ਜਿੰਦਲ, ਐਮ ਸੀ ਜਸਵਿੰਦਰ ਲੌਂਗੀਆ, ਐਮ ਸੀ ਸੁਖਵੀਰ ਸਿੰਘ ਲੱਕੀ, ਜੀ ਐਸ ਪੰਨੂ , ਤਿਲਕ ਰਾਜ, ਮੈਡਮ ਸੰਤੋਸ਼ , ਇੰਜੀਨੀਅਰ ਮਨੀਕਰਨ, ਮੀਡਿਆ ਇੰਚਾਰਜ ਸੁਮੀਤ ਗਰਗ ਸਮੇਤ ਹੋਰ ਕਾਂਗਰਸੀ ਆਗੂ ਅਤੇ ਵਸਨੀਕ ਹਾਜਰ ਸਨ।

# ਐਲਐਂਡਟੀ ਦੀ ਮਲਕੀਅਤ ਵਾਲੇ ਨਾਭਾ ਪਾਵਰ ਪਲਾਂਟ ਨੇ 'ਸੀਆਈਆਈ ਐਨਰਜੀ ਐਫੀਸ਼ੈਂਸੀ ਸੰਮੇਲਨ 2021' ਵਿੱਚ ਜਿੱਤੇ ਦੋਹਰੇ ਪੁਰਸਕਾਰ

**ਚੰਡੀਗੜ੍ਹ/ਰਾਜਪੁਰਾ/ਲੋਕ ਬਾਣੀ**

ਐਲ ਐਂਡ ਟੀ ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਨਾਭਾ ਪਾਵਰ ਲਿਮਿਟਡ ਨੇ ਹਾਲ ਹੀ ਵਿੱਚ ਕਨਫੈਡਰੇਸਨ ਆਫ ਇੰਡੀਅਨ ਇੰਡਸਟਰੀ (ਸੀਆਈਆਈ) ਦੁਆਰਾ ਆਯੋਜਿਤ ਐਨਰਜੀ ਮੈਨੇਜਮੈਂਟ ਵਿੱਚ ਉੱਤਮਤਾ ਦੇ 22 ਵੇਂ ਨੈਸ਼ਨਲ ਐਵਾਰਡ ਸਮਾਰੋਹ ਵਿੱਚ ਦੋ ਵੱਕਾਰੀ ਪੁਰਸਕਾਰ ਪ੍ਰਾਪਤ ਕੀਤੇ ਹਨ। ਨਾਭਾ ਪਾਵਰ ਨੂੰ ਊਰਜਾ ਪ੍ਰਬੰਧਨ ਵਿੱਚ ਸਾਨਦਾਰ ਕਾਰਗੁਜਾਰੀ ਲਈ ਲਗਾਤਾਰ ਤੀਜੇ ਸਾਲ ਨੈਸ਼ਨਲ ਐਨਰਜੀ ਲੀਡਰ 2021 ਚੁਣਿਆ ਗਿਆ ਹੈ । ਇਹ ਬਿਜਲੀ ਉਤਪਾਦਕ ਪੰਜਾਬ ਵਿਖੇ ਰਾਜਪੁਰਾ ਵਿਚ ਸਾਲ 2014 ਤੋਂ ਸਫਲਤਾਪੂਰਵਕ 2700 ਮੈਗਾਵਾਟ ਦਾ ਸੁਪਰਕ੍ਰਿਟੀਕਲ ਥਰਮਲ ਪਾਵਰ ਪਲਾਂਟ ਚਲਾ ਰਿਹਾ ਹੈ।

ਕੰਪਨੀ ਨੇ ਐਨਰਜੀ ਐਫੀਸ਼ੈਂਸੀ ਵਿੱਚ ਸਾਨਦਾਰ ਪ੍ਰਾਪਤੀਆਂ ਲਈ ਐਕਸੇਲੈਂਟ ਐਨਰਜੀ ਐਫੀਸ਼ੈਂਸੀ ਯੂਨਿਟ ਪੁਰਸਕਾਰ ਵੀ ਹਾਸਲ ਕੀਤਾ ਹੈ। ਜਾਪਾਨੀ ਸੁਪਰਕ੍ਰਿਟੀਕਲ ਟੈਕਨਾਲੌਜੀ 'ਤੇ ਅਧਾਰਤ ਨਾਭਾ ਪਾਵਰ ਪਲਾਂਟ ਨੂੰ ਲਗਾਤਾਰ ਪੰਜਵੇਂ ਸਾਲ ਇਹ ਪੁਰਸਕਾਰ ਪ੍ਰਾਪਤ ਹੋਇਆ ਹੈ। ਐਲ ਐਂਡ ਟੀ ਦੇ ਹੋਲਟਾਈਮ ਡਾਇਰੈਕਟਰ ਅਤੇ ਸੀਨੀਅਰ ਐਗਜੀਕਿਊਟਿਵ ਵਾਈਸ ਪ੍ਰੈਜ਼ੀਡੈਂਟ (ਡਿਵੈਲਪਮੈਂਟ ਪ੍ਰੋਜੈਕਟ), ਸ੍ਰੀ ਡੀ ਕੇ ਸੇਨ ਨੇ ਕਿਹਾ , " ਸੀਆਈਆਈ ਐਵਾਰਡਸ ਵਿਸਵ ਪੱਧਰੀ ਬੁਨਿਆਦੀ ਢਾਂਚੇ ਦੇ ਨਿਰਮਾਣ, ਸੰਚਾਲਨ ਅਤੇ ਨਵੇਂ ਮਾਪਦੰਡ ਨਿਰਧਾਰਤ ਕਰਨ ਲਈ ਕੁਸਲਤਾ ਦੇ ਪੱਧਰ ਨੂੰ ਕਾਇਮ ਰੱਖਣ ਵਿੱਚ ਐਲ ਐਂਡ ਟੀ ਦੀਆਂ ਯੋਗਤਾਵਾਂ ਦਾ ਪ੍ਰਮਾਣ ਹਨ। ਇਸ ਸਾਲ ਵੀ, ਦੇਸ਼ ਵਿਚ ਸਭ ਤੋਂ ਵੱਧ 99.92% ਦੀ ਉਪਲਬੱਧਤਾ ਦਰਜ ਕਰਦੇ ਹੋਏ ,ਅਤੇ 90.3% ਦੇ ਪਲਾਂਟ ਲੋਡ ਫੈਕਟਰ ਦੇ ਨਾਲ ਨਾਭਾ ਪਾਵਰ ਪਲਾਂਟ ਦਾ ਪ੍ਰਦਰਸਨ ਸ਼ਾਨਦਾਰ ਰਿਹਾ ਹੈ । "

ਮਾਇਨ ਸੋਰਸ ਤੋਂ 1,500 ਕਿਲੋਮੀਟਰ ਦੂਰ ਸਥਿਤ ਹੋਣ ਦੇ ਬਾਵਜੂਦ ਵੀ ਨਾਭਾ ਪਾਵਰ ਪੰਜਾਬ ਦੇ ਇੰਟੀਗ੍ਰੇਟਡ ਪਾਵਰ ਪ੍ਰੋਡਿਊਸਰਸ (ਆਈਪੀਪੀਜ) ਵਿਚੋਂ ਸੂਬੇ ਨੂੰ ਸਭ ਤੋਂ ਸਸਤੀ ਯਾਨੀ 2.93 ਰੁਪਏ ਪ੍ਰਤੀ ਯੂਨਿਟ ਦੀ ਵੇਰੀਏਬਲ ਲਾਗਤ ਦੇ ਨਾਲ ਬਿਜਲੀ ਸਪਲਾਈ ਕਰ ਰਿਹਾ ਹੈ ।

ਨਾਭਾ ਪਾਵਰ ਨੇ ਪਹਿਲਾਂ ਵੀ ਇੰਡੀਪੈਂਡੈਂਟ ਪਾਵਰ ਪ੍ਰੋਡਿਊਸਰਸ ਐਸੋਸੀਏਸਨ ਆਫ ਇੰਡੀਆ (ਆਈਪੀਪੀਏਆਈ) ਤੋਂ ਲਗਾਤਾਰ 3 ਸਾਲਾਂ ਲਈ ਸਰਬੋਤਮ ਆਈਪੀਪੀ ਪੁਰਸਕਾਰ ਜਿੱਤਿਆ ਹੈ ,ਅਤੇ ਇਸ ਤੋਂ ਇਲਾਵਾ ਪਲਾਂਟ ਨੇ ਪੀਅਬਾਡੀ, ਯੂਐਸਏ ਤੋਂ ਉੱਚ ਕੁਸਲਤਾ ਅਤੇ ਸਥਿਰਤਾ ਲੀਡਰਸਪਿ ਪੁਰਸਕਾਰ ਅਤੇ ਬਿਜਲੀ ਮੰਤਰਾਲੇ , ਭਾਰਤ ਸਰਕਾਰ ਵਲੋਂ ਬੀਈਈ ਐਵਾਰਡ ਪ੍ਰਾਪਤ ਕੀਤਾ ਹੈ ।

# ਬਾਘਾ ਰੇਲਵੇ ਕਰਾਸਿੰਗ ਦੇ ਦੋਹੇ ਪਾਸੇ ਬਣਾਏ ਗਏ ਸਪੀਡ ਬਰੇਕਰ ਬਣੇ ਵਾਹਨਾਂ ਲਈ ਮੁਸੀਬਤ

## ਸਥਾਨਕ ਰੇਲਵੇ ਅਧਿਕਾਰੀਆਂ ਦੀ ਗਲਤੀ ਕਾਰਨ ਵਾਹਨ ਚਾਲਕਾਂ ਦਾ ਹੋ ਰਿਹਾ ਨੁਕਸਾਨ

■ ਅਧਿਕਾਰੀਆਂ ਦੀ ਗਲਤੀ ਕਾਰਨ ਕਿਸਾਨ ਐਕਸਪ੍ਰੈਸ ਗੱਡੀ ਦੋ ਘੰਟੇ ਤੋਂ ਵੱਧ ਸਮੇਂ ਤਕ ਰਾਮਾਂ ਮੰਡੀ ਸਟੇਸ਼ਨ ਤੇ ਖੜੀ ਰਹੀ



**ਰਾਮਾਂ ਮੰਡੀ/ਅਨਿਲ ਜੈਨ**

ਸਥਾਨਕ ਰੇਲਵੇ ਅਧਿਕਾਰੀਆਂ ਦੀ ਗਲਤੀ ਦਾ ਖਮਿਆਜਾ ਜਿੱਥੇ ਵਾਹਨ ਚਾਲਕਾਂ ਨੂੰ ਭੁਗਤਨਾ ਪੈ ਰਿਹਾ ਹੈ ਉਥੇ ਹੀ ਸਥਾਨਕ ਰੇਲਵੇ ਵਿਭਾਗ ਦੇ ਕਾਰਨਾਮਿਆਂ ਕਾਰਨ ਪੁਰਾਣੀ ਦਿੱਲੀ ਤੋਂ ਬਠਿੰਡਾ ਵੱਲ ਜਾ ਰਹੀ ਕਿਸਾਨ ਐਕਸਪ੍ਰੈਸ ਗੱਡੀ ਦੋ ਘੰਟੇ ਤੋਂ ਵੱਧ ਸਮੇਂ ਤੱਕ ਰਾਮਾਂ ਮੰਡੀ ਦੇ ਰੇਲਵੇ ਸਟੇਸ਼ਨ ਤੇ ਖੜੀ ਰਹੀ। ਪਿਛਲੇ ਕੁਝ ਦਿਨ ਪਹਿਲਾਂ ਸਥਾਨਕ ਰੇਲਵੇ ਅਧਿਕਾਰੀਆਂ ਵਲੋਂ ਬਾਘਾ ਰੇਲਵੇ ਕਰਾਸਿੰਗ ਦੇ ਦੋਹੇ ਪਾਸੇ ਰੇਲ ਟ੍ਰੈਕ ਤੇ ਬਾਰਿਸ ਦੇ ਪਾਣੀ ਨੂੰ ਰੋਕਣ ਲਈ ਸਪੀਡ ਬਰੇਕਰ ਬਣਾਏ ਗਏ ਜੋ ਕਿ ਕਿਸੇ ਦੀਵਾਰ ਤੋਂ ਘੱਟ ਨਹੀਂ। ਸਥਾਨਕ ਰੇਲਵੇ ਅਧਿਕਾਰੀਆਂ ਦੇ ਹੁਕਮਾਂ ਅਨੁਸਾਰ ਠੇਕੇਦਾਰ ਵਲੋਂ ਸਪੀਡ ਬਰੇਕਰ ਇਨ੍ਹੇ ਉੱਚੇ ਬਣਾ ਦਿੱਤੇ ਗਏ ਕਿ ਉਸ ਕਾਰਨ ਇਸ ਰੇਲਵੇ ਕਰਾਸਿੰਗ ਤੋਂ ਹੋਕੇ ਜਾਨ ਵਾਲੇ ਵਾਹਨ ਸਪੀਡ ਬਰੇਕਰ ਉੱਚੇ ਹੋਣ ਕਾਰਨ ਵੱਡੀਆਂ ਗੱਡੀਆਂ ਦਾ ਨਿਚਲਾ ਹਿੱਸਾ ਸਪੀਡ ਬਰੇਕਰ ਨਾਲ ਲੱਗਣ ਕਾਰਨ ਵਾਹਨ ਫਾਟਕਾਂ ਦੇ ਵਿਚਾਲੇ ਖੜ੍ਹ ਜਾਂਦੇ ਜਾਂ ਫਿਰ ਕਾਰਾਂ ਅਤੇ ਹੋਰ ਛੋਟੇ ਵਾਹਨਾਂ ਦੇ ਬੰਪਰ ਇਹਨਾਂ ਸਪੀਡ ਬਰੇਕਰ ਨਾਲ ਟਕਰਾ ਕੇ ਟੁੱਟ ਜਾਂਦੇ। ਬੀਤੀ ਰਾਤ ਜੱਦ ਇਸ ਰੇਲਵੇ ਕਰਾਸਿੰਗ ਤੋਂ ਇਕ ਟਰੱਕ ਗੁਜਰ ਰਿਹਾ ਸੀ ਤਾਂ ਸਪੀਡ ਬਰੇਕਰ ਪਾਰ ਕਰਦੇ ਹੀ ਟਰੱਕ ਦੇ ਪਿਛਲੇ ਦੋਵੇ ਟਾਇਰ ਉਪਰ ਉਠ ਗਏ ਅਤੇ ਟਰੱਕ ਰੇਲਵੇ ਕਰਾਸਿੰਗ ਦੇ ਵਿਚਕਾਰ ਰੇਲ ਟ੍ਰੈਕ ਤੇ ਫੱਸ ਗਿਆ ਜਿਸ ਕਾਰਨ ਉਥੋਂ ਗੁਜਰਨ ਵਾਲੀ ਕਿਸਾਨ ਐਕਸਪ੍ਰੈਸ ਗੱਡੀ ਨੂੰ ਦੋ ਘੰਟੇ ਤੋਂ ਵੱਧ ਸਮੇਂ ਲਈ ਰਾਮਾਂ ਮੰਡੀ ਰੇਲਵੇ ਸਟੇਸਨ ਤੇ ਰੋਕਿਆ ਗਿਆ। ਉਥੇ ਹੀ ਰੇਲਵੇ ਕਰਾਸਿੰਗ ਦੇ ਵਿਚਕਾਰ ਟਰੱਕ ਫਸਨ ਕਾਰਨ ਜਾਮ ਦੀ ਸਥਿਤੀ ਬਣ ਗਈ ਅਤੇ ਸਥਾਨਕ ਲੋਕ ਵੀ ਇਕੱਠਾ ਹੋਣਾ ਸੁਰੂ ਹੋ ਗਏ। ਸਥਾਨਕ ਲੋਕਾਂ ਵਲੋਂ ਰੇਲਵੇ ਅਧਿਕਾਰੀਆਂ ਦਾ ਵਿਰੋਧ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਥਾਨਕ ਲੋਕਾਂ ਨੇ ਕਿਹਾ ਕਿ ਰੇਲ ਅਧਿਕਾਰੀਆਂ ਦੀ ਗਲਤੀ ਦਾ ਖਮਿਆਜਾ ਵਾਹਨ ਚਾਲਕਾਂ ਨੂੰ ਭੁਗਤਨਾ ਪੈ ਰਿਹਾ ਹੈ ਉਹਨਾਂ ਦੱਸਿਆ ਕਿ ਸਪੀਡ ਬਰੇਕਰਾਂ ਦੀ ਕੰਧ ਖੜੀ ਕਰਨ ਤੋਂ ਬਾਅਦ ਰੋਜਾਨਾ ਹੀ ਵਾਹਨਾਂ ਦਾ ਨੁਕਸਾਨ ਹੋ ਰਿਹਾ ਹੈ। ਮੌਕੇ ਤੇ ਮੋਜੂਦ ਸਥਾਨਕ ਲੋਕਾਂ ਨੇ ਰੇਲਵੇ ਅਧਿਕਾਰੀਆਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਹਨਾਂ ਸਪੀਡ ਬਰੇਕਰਾਂ ਨੂੰ ਠੀਕ ਨਹੀਂ ਕੀਤਾ ਗਿਆ ਤਾਂ ਮਜਬੂਰਨ ਲੋਕਾਂ ਨੂੰ ਇਕੱਠੇ ਹੋਕੇ ਰੇਲ ਅਧਿਕਾਰੀਆਂ ਦੇ ਖਲਿਾਫ ਧਰਨਾ ਲਗਾਇਆ ਜਾਵੇਗਾ। ਉਥੇ ਹੀ ਮੌਕੇ ਤੇ ਪਹੁੰਚੇ ਰੇਲਵੇ ਅਧਿਕਾਰੀ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਦੋ ਦਿਨਾਂ ਅੰਦਰ ਸਪੀਡ ਬਰੇਕਰ ਠੀਕ ਕਰ ਦਿੱਤੇ ਜਾਣਗੇ। ਉਹਨਾਂ ਕਿਹਾ ਕਿ ਇਹ ਸਪੀਡ ਬਰੇਕਰ ਠੇਕੇਦਾਰ ਦੀ ਗਲਤੀ ਕਾਰਨ ਠੀਕ ਨਹੀਂ ਬਣ ਸਕੇ। ਜਿਸ ਤੋਂ ਬਾਅਦ ਦੋ ਜੇਸੀਬੀ ਮਸੀਨਾ ਦੀ ਸਹਾਇਤਾ ਨਾਲ ਟਰੱਕ ਨੂੰ ਰੇਲਵੇ ਟ੍ਰੈਕ ਤੋਂ ਹਟਾਇਆ ਗਿਆ ਜਿਸ ਤੋਂ ਬਾਅਦ ਕਿਸਾਨ ਐਕਸਪ੍ਰੈਸ ਗੱਡੀ ਨੂੰ ਅੱਗੇ ਲਈ ਰਵਾਨਾ ਕੀਤਾ ਗਿਆ।

# ਗੰਦੇ ਪਾਣੀ ਕਾਰਨ ਨਰਕ ਭੋਗ ਰਹੇ ਲੋਕਾਂ ਦਾ ਮਸਲਾ ਕੌਂਸਲ ਦੀ ਮੀਟਿੰਗ 'ਚ ਉੱਠਿਆ

**ਰਾਮਾਂ ਮੰਡੀ/ਅਨਿਲ ਜੈਨ**

ਸਥਾਨਕ ਸ਼ਾਂਤ ਨਗਰ 'ਚ ਰੇਲਵੇ ਲਾਈਨਾਂ ਦੇ ਨਾਲ ਲੰਬੇ ਸਮੇਂ ਤੋਂ ਹਰ ਸਮੇਂ ਖੜੇ ਰਹਿੰਦੇ ਗੰਦੇ ਪਾਣੀ ਕਾਰਨ ਨਰਕ ਭੋਗ ਰਹੇ ਸ਼ਾਂਤ ਨਗਰ ਦੇ ਲੋਕਾਂ ਨੂੰ ਪਾਣੀ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ ਨਗਰ ਕੌਂਸਲਰ ਤੇਲੂ ਰਾਮ ਲਹਿਰੀ ਨੇ ਇਹ ਮਸਲਾ ਨਗਰ ਕੌਂਸਲ ਦੀ ਮੀਟਿੰਗ ਵਿੱਚ ਚੁੱਕਿਆ ਤਾਂ ਕੌਂਸਲ ਵੱਲੋਂ ਰੇਲਵੇ ਵਿਭਾਗ ਨੂੰ ਲਾਈਨਾਂ ਥੱਲੋਂ ਦੀ ਅੰਡਰ ਗਰਾਉਂਡ ਸੀਵਰੇਜ ਦੀ ਪਾਈਪ ਪਾਉਣ ਲਈ ਲਿਖਤੀ ਪੱਤਰ ਭੇਜਿਆ ਗਿਆ। ਜਿਸ ਤੋਂ ਬਾਅਦ ਅੱਜ ਰੇਲਵੇ ਵਿਭਾਗ ਦੇ ਪੀ.ਡਬਲਯੂ.ਆਈ.ਵੇਦ ਪ੍ਰਕਾਸ਼ ਲਾਈਨਾਂ ਦੇ ਨਾਲ ਖੜੇ ਪਾਣੀ ਦਾ ਮੌਕਾ ਵੇਖਨ ਲਈ ਪੁੱਜੇ ਇਸ ਦੌਰਾਨ ਉਹਨਾਂ ਕੌਂਸਲਰ ਤੇਲੂ ਰਾਮ ਲਹਿਰੀ ਨੂੰ ਦੱਸਿਆ ਕਿ ਲਾਈਨਾਂ ਥੱਲੋਂ ਦੀ ਅੰਡਰ ਗਰਾਉਂਡ ਪਾਉਣ ਲਈ ਉਹ ਆਪਣੀ ਰਿਪੋ੍ਟ ਬਣਾ ਕੇ ਡੀ.ਈ.ਐਨ.ਬੀਕਾਨੇਰ ਨੂੰ ਭੇਜ ਦੇਣਗੇ ਜਿਸ ਤੋਂ ਬਾਅਦ ਐਸਟੀਮੇਟ ਬਣਾ ਕੇ ਪੈਸੇ ਭਰਵਾ ਕੇ ਪਾਈਪ ਪਾਉਣ ਦੀ ਇਜਾਜਤ ਦੇ ਦਿੱਤੀ ਜਾਵੇਗੀ।



# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਵੱਡੀ ਮਾਤਰਾ 'ਚ ਜਾਅਲੀ ਕੀਟਨਾਸ਼ਕ ਦਵਾਈਆਂ ਤੇ ਖਾਦ ਬਰਾਮਦ

**ਲੁਧਿਆਣਾ/ਸੁਖਚੈਨ ਮਹਿਰਾ**

ਕਿਸਾਨਾਂ ਤੱਕ ਮਿਆਰੀ ਇਨਪੁਟਸ ਪਹੁੰਚਾਉਣ ਦੇ ਅਹਿਦ ਤਹਿਤ ਕਾਰਵਾਈ ਕਰਦਿਆਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਲੁਧਿਆਣਾ ਵੱਲੋਂ ਵੱਡੀ ਮਾਤਰਾ ਵਿੱਚ ਜਾਅਲੀ ਕੀਟਨਾਸ਼ਕ ਦਵਾਈਆਂ ਅਤੇ ਖਾਦ ਬਰਾਮਦ ਕੀਤੀ ਗਈ ਹੈ।

ਜਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ, ਡਾ ਨਰਿੰਦਰ ਸਿੰਘ ਬੈਨੀਪਾਲ ਨੇ ਦੱਸਿਆ ਕਿ ਮੈਸ਼: ਆਰਕਿਡ ਐਗਰੋ ਸਿਸਟਮ ਵੜੋਦਰਾ ਦੀ ਸ਼ਿਕਾਇਤ 'ਤੇ ਮਾਨਯੋਗ ਡਾਇਰੈਕਟਰ ਖੇਤੀਬਾੜੀ ਦੇ ਹੁਕਮਾਂ ਅਨੁਸਾਰ ਕਰਵਾਈ ਕਰਦਿਆਂ ਖੇਤੀਬਾੜੀ ਵਿਭਾਗ ਦੀ ਟੀਮ ਵੱਲੋਂ ਮੈਸ਼: ਸੈਕਟੀਸਾਈਡ ਇੰਡੀਆ ਪ੍ਰਾਈਵੇਟ ਲਿਮਟਿਡ ਲੱਖੋਵਾਲ ਕੁਹਾੜਾ ਰੋਡ ਲੁਧਿਆਣਾ ਦੇ ਗੁਦਾਮ ਅਤੇ ਦਫਤਰ ਦੀ ਚੈਕਿੰਗ ਉਪਰੰਤ ਬਹੁਤ ਵੱਡੀ ਮਾਤਰਾ ਵਿੱਚ ਨਕਲੀ ਕੀਟਨਾਸ਼ਕ ਦਵਾਈਆਂ ਅਤੇ ਖਾਦਾਂ ਬਰਾਮਦ ਕੀਤੀਆਂ ਗਈਆਂ। ਦੋਸ਼ੀ ਕੰਪਨੀ ਕੋਲ ਦਵਾਈਆਂ ਅਤੇ ਖਾਦਾਂ ਦੇ ਨਿਰਮਾਣ ਜਾਂ ਵਿਕਰੀ ਕਰਨ ਸਬੰਧੀ ਕੋਈ ਵੀ ਲਾਈਸੰਸ ਨਹੀਂ ਸੀ। ਉਕਤ ਕੰਪਨੀ ਵੱਲੋਂ ਦੋ ਹੋਰ ਕੰਪਨੀਆਂ ਆਰਕਿਡ ਐਗਰੋ ਸਿਸਟਮ, ਯੂਨੀਵਰਸਲ ਸਪੈਸ਼ਲਿਟੀ ਕੈਮੀਕਲ ਪ੍ਰਾਈਵੇਟ ਲਿਮੀਟਡ ਅਤੇ ਸੁਦਰਸ਼ਨ ਕੰਨਸੋਲੀਡੇਟਿਡ ਪ੍ਰਾਈਵੇਟ ਲਿਮਟਿਡ ਦੇ ਨਾਮ 'ਤੇ ਨਕਲੀ ਕਲੋਰੋਪੈਰੀਫਾਸ, ਕਰਟਪ ਹਾਈਡਰੋ ਕਲੋਰਾਈਡ, ਫਿਪਰੋਨਿਲ ਅਤੇ ਟਰਾਈਕੋਨਟਾਨੋਲ ਦਾ ਨਿਰਮਾਣ ਕਰਨ ਉਪਰੰਤ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਕਥਿਤ ਤੋਰ ਤੇ ਵੇਚਣ ਦਾ ਕਾਰੋਬਾਰ ਕੀਤਾ ਜਾ ਰਿਹਾ ਸੀ ਅਤੇ ਕੰਪਨੀਆਂ ਦੇ ਨਾਲ-ਨਾਲ ਕਿਸਾਨਾਂ ਪ੍ਰਤੀ ਧੋਖਾਧੜੀ ਅਤੇ ਠੱਗੀ ਕਰਕੇ ਕਰੋੜਾਂ ਰੁਪਏ ਦਾ ਚੂਨਾ ਲਗਾਇਆ ਜਾ ਰਿਹਾ ਸੀ।

ਜਾਂਚ ਟੀਮ ਵੱਲੋਂ ਮੌਕੇ 'ਤੇ ਕਾਰਟਪ ਹਾਈਡਰੋ ਕਲੋਰਾਈਡ ਦਾ ਵੱਡਾ ਢੇਰ ਪਾਇਆ ਗਿਆ, ਜਿਸ ਵਿੱਚੋਂ ਕਥਿਤ ਦੋਸ਼ੀਆਂ ਵੱਲੋਂ ਬਾਲਟੀਆਂ ਵਿੱਚ ਪੈਕਿੰਗ ਕੀਤੀ ਜਾ ਰਹੀ ਸੀ, ਜਿਸ ਨੂੰ ਟੀਮ ਵੱਲੋਂ ਮੌਕੇ 'ਤੇ ਸੀਲ ਕਰ ਦਿੱਤਾ ਗਿਆ। ਟੀਮ ਵੱਲੋਂ ਅਮਲੀ ਕਾਰਵਾਈ ਕਰਦਿਆਂ ਜਿੰਮੇਵਾਰ ਵਿਕਅਤੀਆਂ ਖਿਲਾਫ ਖਾਦ (ਕੰਟਰੋਲ) ਆਰਡਰ 1985 ਦੀ ਧਾਰਾ 7, 8 ਅਤੇ 9, ਜ਼ਰੂਰੀ ਵਸਤਾਂ ਐਕਟ 1955 ਦੀ ਧਾਰਾ 3, 7 ਅਤੇ , ਇੰਸੈਕਟੀਸਾਈਡ ਐਕਟ ਦੀ ਧਾਰਾ 13, 17, 18 ਅਤੇ 33 ਅਤੇ ਇੰਸੈਕਟੀਸਾਈਡ ਰੂਲਜ਼ ਦੀ ਧਾਰਾ 9, 10 ਅਤੇ 15 ਦੇ ਨਾਲ -ਨਾਲ ਆਈ.ਪੀ.ਸੀ., ਸੀ.ਆਰ.ਪੀ.ਸੀ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕਾਨੂਨੀ ਕਾਰਵਾਈ ਕੀਤੀ ਜਾਵੇਗੀ।

ਉਕਤ ਕੰਪਨੀ ਦੇ ਜਿੰਮੇਵਾਰ 4 ਵਿਕਅਤੀਆਂ ਰਾਹੁਲ, ਰਾਜੀਵ, ਹਾਕੀਮ, ਮਨੀਸ਼ ਗੁਪਤਾ, ਅਮਿਤ ਕੁਮਾਰ ਅਤੇ ਪ੍ਰਦੀਪ ਕੁਮਾਰ ਖਿਲਾਫ ਐਫ.ਆਈ.ਆਰ. ਦਰਜ ਕਰਨ ਲਈ ਐਸ਼.ਐਚ.ਓ ਕੂੰਮ ਕਲਾਂ ਨੂੰ ਲਿਖਿਆ ਗਿਆ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸਾਨ ਸਿਰਫ ਰਜਿਸਟਰਡ ਡੀਲਰਾਂ ਪਾਸੋਂ ਦਵਾਈਆਂ ਅਤੇ ਖਾਦਾਂ ਦੀ ਖ੍ਰੀਦ ਕਰਨ ਅਤੇ ਪੱਕਾ ਬਿੱਲ ਜ਼ਰੂਰ ਲੈਣ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਕਿਸਾਨ ਮਾਮੂਲੀ ਜਿਹੀ ਬੱਚਤ ਕਰਨ ਲਈ ਇਹੋ-ਜਿਹੇ ਜਾਅਲੀ ਕਾਰੋਬਾਰੀਆਂ ਦੇ ਚੁਗੰਲ ਵਿੱਚ ਨਾ ਫਸਣ ਅਤੇ ਕਿਸੇ ਵੀ ਕਿਸਮ ਦੇ ਸ਼ੱਕ ਪੈਦਾ ਹੋਣ ਤੇ ਤੁਰੰਤ ਖੇਤੀਬਾੜੀ ਵਿਭਾਗ ਦੇ ਧਿਆਨ ਵਿੱਚ ਲਿਆਉਣ। ਜਾਂਚ ਟੀਮ ਵਿੱਚ ਡਾ ਪ੍ਰਦੀਪ ਸਿੰਘ ਟਿਵਾਣਾ, ਡਾ ਗਿਰਜੇਸ਼ ਭਾਰਗਵ, ਡਾ ਜਤਿੰਦਰ ਸਿੰਘ ਅਤੇ ਡਾ ਗੌਰਵ ਧੀਰ ਸ਼ਾਮਲ ਸਨ।

# ਗਰੋਜ਼-ਬੇਕਰਟ ਨਿਫਟ ਸਕਿੱਲ ਡਿਵੈਲਪਮੈਂਟ ਫਸੀਲਿਟੀ ਵਿਖੇ ਇੰਡਸਟਰੀਅਲ ਸਿਲਾਈ ਮਸ਼ੀਨ ਆਪਰੇਟਰ ਕੋਰਸ ਮੁੜ ਸ਼ੁਰੂ

**ਲੁਧਿਆਣਾ/ਸੁਖਚੈਨ ਮਹਿਰਾ**

ਸਰਕਾਰ ਵਲੋਂ ਸਕਿੱਲ ਡਿਵੈਲਪਮੈਂਟ ਗਤੀਵਿਧੀਆਂ ਦੇ ਪੁਨਰ ਆਰੰਭ ਦੇ ਹੁਕਮਾਂ ਉਪਰੰਤ ਗਰੋਜ਼-ਬੇਕਰਟ ਨਿਫਟ ਸਕਿੱਲ ਡਿਵੈਲਪਮੈਂਟ ਫਸੀਲਿਟੀ, ਲੁਧਿਆਣਾ ਵਿਖੇ ਵੀ ਇੰਡਸਟਰੀਅਲ ਸਿਲਾਈ ਮਸ਼ੀਨ ਆਪਰੇਟਰ ਕੋਰਸ ਦਾ ਪੁਨਰ ਆਰੰਭ ਕਰ ਦਿੱਤਾ ਗਿਆ। ਸੈਂਟਰ ਦੇ ਮੁੜ ਸ਼ੁਰੂ ਹੋਣ ਤੋਂ ਪਹਿਲਾਂ ਟ੍ਰੇਨਰ ਅਤੇ ਸਾਰੇ ਸਿਖਿਆਰਥੀਆਂ ਦੀ ਵੈਕਸੀਨੇਸ਼ਨ ਦੀ ਪਹਿਲੀ ਡੋਜ ਵੀ ਸੁਨਿਸ਼ਿਤ ਕੀਤੀ ਗਈ।

ਕੁੱਲ 12 ਮਹਿਲਾ ਸਿਖਿਆਰਥੀਆਂ ਦੀ ਇਸ ਸਿਖਲਾਈ ਪ੍ਰੋਗਰਾਮ ਲਈ ਚੋਣ ਕੀਤੀ ਗਈ ਅਤੇ ਇਹਨਾਂ ਨੂੰ ਦੋ ਬੈਚ ਵਿਚ ਸਿਖਲਾਈ ਦਿੱਤੀ ਜਾ ਰਹੀ ਹੈ। ਸਿਖਲਾਈ ਦੌਰਾਨ ਸਮਾਜਿਕ ਦੂਰੀ ਵੀ ਸੁਨਿਸ਼ਿਤ ਕੀਤੀ ਜਾਵੇ, ਸਿਖਲਾਈ ਦੌਰਾਨ ਕੋਵਿਡ-19 ਸਬੰਧਤ ਨਿਯਮ ਜਿਵੇਂ ਕਿ ਹੈਂਡ ਸੈਨੀਟਾਈਜ਼ਰ ਤੇ ਮਾਸਕ ਦੀ ਵਰਤੋਂ ਦੀ ਵੀ ਪਾਲਣਾ ਕੀਤੀ ਜਾਵੇਗੀ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਇਨਫੈਕਸ਼ਨ ਦੇ ਫੈਲਾਅ ਨੂੰ ਰੋਕਿਆ ਜਾ ਸਕੇ।



ਸਿਖਲਾਈ ਪ੍ਰੋਗਰਾਮ ਦੇ ਮੁੜ ਆਰੰਭ ਹੋਣ ਤੋਂ ਬਾਅਦ ਦੋ ਆਧੁਨਿਕ ਕੰਪਿਊਟਰਾਈਜ਼ਡ ਬਟਨ ਹੋਲ ਅਤੇ ਬਟਨ ਲਗਾਉਣ ਵਾਲਿਆਂ ਮਸ਼ੀਨਾਂ ਵੀ ਸੈਂਟਰ ਵਿਚ ਲਗਾਈਆਂ ਗਈਆਂ ਹਨ, ਤਾਂ ਜੋ ਗਾਰਮੈਂਟ ਇੰਡਸਟਰੀ ਦੀ ਲੋੜ ਮੁਤਾਬਿਕ ਸਕਿਲਡ ਸਿਲਾਈ ਮਸ਼ੀਨ ਆਪਰੇਟਰ ਸੈਂਟਰ ਵਿੱਚੋ ਨਿਕਲਣ, ਜਿਸ ਨਾਲ ਸਾਰੇ ਸਿਖਿਆਰਥੀ ਬਿਹਤਰ ਰੋਜ਼ਗਾਰ ਹਾਸਲ ਕਰ ਸਕਣ। ਇਹ ਦੋ ਆਧੁਨਿਕ ਮਸ਼ੀਨਾਂ ਗਰੋਜ਼-ਬੇਕਰਟ ਏਸ਼ੀਆ ਪ੍ਰਾਈਵੇਟ ਲਿਮਿਟਿਡ ਵਲੋਂ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਅਧੀਨ ਇਸ ਸੈਂਟਰ ਵਿਚ ਲਗਵਾਈਆਂ ਗਈਆਂ, ਜਿਸ ਦਾ ਨਿਫਟ ਦੇ ਸਮੂਹ ਪ੍ਰਬੰਧਕਾਂ ਵਲੋਂ ਸਵਾਗਤ ਕੀਤਾ ਗਿਆ।

ਮੌਜੂਦਾ ਬੁਨਿਆਦੀ ਢਾਂਚੇ ਵਿਚ ਲਗਾਈਆ ਗਈਆਂ ਦੋ ਅਤਿ-ਆਧੁਨਿਕ ਨਵੀਆਂ ਮਸ਼ੀਨਾਂ ਦੇ ਆਉਣ ਅਤੇ ਸੈਂਟਰ ਦੇ ਸਫਲ ਸੰਚਾਲਨ ਤੋਂ ਉਤਸਾਹਿਤ ਡਾ. ਪੂਨਮ ਅੱਗਰਵਾਲ ਠਾਕੁਰ, ਪ੍ਰਿੰਸੀਪਲ, ਨਿਫਟ ਨੇ ਦੱਸਿਆ ਕਿ ਇਹ ਸੈਂਟਰ ਨਿਫਟ ਅਤੇ ਗਰੋਜ਼-ਬੇਕਰਟ ਏਸ਼ੀਆ ਪ੍ਰਾਈਵੇਟ ਲਿਮਿਟਿਡ ਦਾ ਇਕ ਸਾਂਝਾ ਉਪਰਾਲਾ ਹੈ, ਜੋ ਕਿ ਆਉਣ ਵਾਲੇ ਸਮੇਂ ਵਿਚ ਗਾਰਮੈਂਟ ਉਦਯੋਗ ਵਿਚ ਹੁਨਰਮੰਦ ਮਨੁੱਖੀ ਸ਼ਕਤੀ ਦੀ ਘਾਟ ਨੂੰ ਪੂਰਾ ਕਰਨ ਵਿਚ ਸਹਾਈ ਹੋਵੇਗਾ, ਇਸ ਨਾਲ ਇਹ ਇਕ ਉਦਯੋਗ ਅਤੇ ਸਥਾਨਕ ਨੌਜਵਾਨ, ਦੋਨਾਂ ਲਈ ਜਿੱਤ-ਦੀ ਸਥਿਤੀ ਹੈ। ਉਨ੍ਹਾਂ ਦੱਸਿਆ ਕਿ ਇਹ ਪ੍ਰੋਜੈਕਟ ਜਿੱਥੇ ਪੰਜਾਬ ਸਰਕਾਰ ਦੇ ਘਰ-ਘਰ ਰੋਜ਼ਗਾਰ ਦੇ ਸੁਪਨੇ ਨੂੰ ਸਹਾਈ ਕਰਨ ਵਿਚ ਇਕ ਮੀਲ ਪੱਥਰ ਸਾਬਿਤ ਹੋਵੇਗਾ ਓਥੇ ਹੀ ਸਥਾਨਕ ਨੌਜਵਾਨ ਖਾਸ ਕਰ ਮਹਿਲਾਵਾਂ, ਜੋ ਕਿ ਕਿਸੇ ਕਾਰਣ ਆਪਣੀ ਰਸਮੀ ਸਿੱਖਿਆ ਪੂਰੀ ਕਰਨ ਵਿਚ ਅਸਮਰਥ ਰਹੀਆਂ ਹੋਣ, ਉਨ੍ਹਾਂ ਲਈ ਵੀ ਸੰਗਠਿਤ ਖੇਤਰ ਵਿਚ ਰੋਜ਼ਗਾਰ ਹਾਸਲ ਕਰਨ ਦਾ ਇਹ ਇਕ ਸੁਨਹਿਰਾ ਮੌਕਾ ਹੈ।




# ਰੇਲਵੇ ਸਟੇਸ਼ਨ ਕਿਸਾਨ ਮੋਰਚੇ ਤੇ 255 ਵੇਂ ਜਥੇ ਨੇ ਰੱਖੀ ਭੁੱਖ ਹੜਤਾਲ

**ਗੁਰਦਾਸਪੁਰ/ਨਵਨੀਤ ਕੁਮਾਰ**

ਰੇਲਵੇ ਸਟੇਸ਼ਨ ਗੁਰਦਾਸਪੁਰ ਵਿਖੇ 337 ਦਿਨਾਂ ਤੋਂ ਚੱਲ ਰਹੇ ਪੱਕੇ ਕਿਸਾਨ ਮੋਰਚੇ ਉੱਪਰ ਅੱਜ 255 ਵੇਂ ਜਥੇ ਨੇ ਭੁੱਖ ਹੜਤਾਲ ਰੱਖੀ। ਜਮਹੂਰੀ ਕਿਸਾਨ ਸਭਾ ਪੰਜਾਬ ਵੱਲੋਂ ਹਰਚਰਨ ਸਿੰਘ ਸਲੀਮਪੁਰ, ਮਹਿੰਦਰ ਸਿੰਘ ਮੰਗਲ ਸੈਨ, ਜਸਵਿੰਦਰ ਸਿੰਘ ਮੰਗਲ ਸੈਨ, ਜੋਗਿੰਦਰ ਸਿੰਘ ਮੰਗਲ ਸੈਨ, ਚਮਨ ਸਿੰਘ ਮੰਗਲ ਸੈਨ, ਗੁਰਦੇਵ ਸਿੰਘ ਮੰਗਲ ਸੈਨ, ਸਤਨਾਮ ਸਿੰਘ ਮੰਗਲ ਸੈਨ, ਆਦਿ ਨੇ ਇਸ ਵਿੱਚ ਹਿੱਸਾ ਲਿਆ। ਸਾਥੀ ਬੋਧ ਸਿੰਘ ਘੁੰਮਣ, ਮੱਖਣ ਸਿੰਘ ਕੁਹਾੜ, ਐੱਸ ਪੀ ਸਿੰਘ ਗੋਸਲ, ਗੁਰਦੀਪ ਸਿੰਘ ਮੁਸਤਫਾਬਾਦ, ਕਰਨੈਲ ਸਿੰਘ ਰਾਜੂਬੇਲਾ, ਨਗੀਨਾ ਸਿੰਘ ਕਲਿਆਣਪੁਰ, ਹਰਭਜਨ ਸਿੰਘ ਨਵਾਂ ਪਿੰਡ, ਕਪੂਰ ਸਿੰਘ ਘੁੰਮਣ, ਮਲਕੀਅਤ ਸਿੰਘ ਬੁੱਢਾ ਕੋਟ, ਕਰਨੈਲ ਸਿੰਘ ਪੰਛੀ, ਨਰਿੰਦਰ ਸਿੰਘ ਕਾਹਲੋਂ, ਕੁਲਵੰਤ ਸਿੰਘ ਲੰਗਾਹ, ਬਲਵਿੰਦਰ ਸਿੰਘ, ਗੁਰਜੀਤ ਸਿੰਘ ਬਲ, ਹਰਦਿਆਲ ਸਿੰਘ ਸੰਧੂ, ਐਕਸੀਅਨ ਬਲਵਿੰਦਰ ਸਿੰਘ, ਗਿਆਨੀ ਮਹਿੰਦਰ ਸਿੰਘ, ਚਰਨਜੀਤ ਸਿੰਘ ਲੰਬੜਦਾਰ ਆਦਿ ਨੇ ਅੱਜ ਧਰਨੇ ਨੂੰ ਸੰਬੋਧਨ ਕਰਦਿਆਂ ਕੱਲ੍ਹ ਮੋਗੇ ਵਿੱਚ ਸੁਖਬੀਰ ਸਿੰਘ ਬਾਦਲ ਦੀ ਰੈਲੀ ਵਿੱਚ ਪੁਰ ਅਮਨ ਸਵਾਲ ਪੁੱਛਣ ਲਈ ਜਾ ਰਹੇ ਕਿਸਾਨਾਂ ਉੱਪਰ ਪੰਜਾਬ ਪੁਲੀਸ ਵੱਲੋਂ ਲਾਠੀਚਾਰਜ ਕਰਨ ਦੀ ਪੁਰਜ਼ੋਰ ਨਿਖੇਧੀ ਕੀਤੀ। ਆਗੂਆਂ ਨੇ ਕਿਹਾ ਕਿ ਕਿਸਾਨ ਕਦੇ ਪੁਲਿਸ ਤੇ ਪੱਥਰ ਨਹੀਂ ਮਾਰਦੇ। ਇਹ ਕੇਵਲ ਕੁਝ ਭਾਰਤੀ ਜਨਤਾ ਪਾਰਟੀ ਦੇ ਹੀ ਗੁੰਡੇ ਹਨ। ਜੋ ਸਾਜਸ਼ੀ ਢੰਗ ਨਾਲ ਭੜਕਾਹਟ ਪੈਦਾ ਕਰਨ ਲਈ ਇਸ ਤਰ੍ਹਾਂ ਕਰਦੇ ਹੋਣਗੇ। ਉਂਜ ਵੀ ਪੁਲੀਸ ਨੂੰ ਪੁਰ ਅਮਨ ਕਿਸਾਨਾਂ ਤੇ ਲਾਠੀਚਾਰਜ ਦਾ ਕੋਈ ਹੱਕ ਨਹੀਂ ਮਿਲ ਜਾਂਦਾ। ਇਸ ਮੌਕੇ ਕਰਨਾਲ ਦੇ ਐੱਸ.ਡੀ.ਐੱਮ ਨੂੰ ਗ੍ਰਿਫਤਾਰ ਕਰਨ ਦੀ ਮੰਗ ਦੁਹਰਾਈ ਜਿਸ ਵਿਚ ਜਨਰਲ ਡਾਇਰ ਦੀ ਰੂਹ ਪ੍ਰਵੇਸ਼ ਕਰ ਗਈ ਹੈ। ਆਗੂਆਂ ਵੱਲੋਂ ਦੱਸਿਆ ਗਿਆ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਵਾਂਗ ਗੁਰਦਾਸਪੁਰ ਜਲ੍ਹਿ ਚ ਵੀ ਕਿਸਾਨ ਮਜਦੂਰ ਪੰਜ ਸਤੰਬਰ ਦੀ ਮੁਜੱਫਰਪੁਰ ਵਿਸਾਲ ਰੈਲੀ ਵਿੱਚ ਸ਼ਾਮਲ ਹੋਣ ਲਈ ਰਵਾਨਾ ਹੋ ਰਹੇ ਹਨ।

# ਬੇਰੁਜਗਾਰ ਨੌਜਵਾਨਾ ਨੂੰ ਸਰਕਾਰੀ ਨੌਕਰੀਆਂ ਦੇ ਇਮਤਿਹਾਨਾਂ ਦੀ ਤਿਆਰੀ ਲਈ ਮੁਫਤ ਆਨਲਾਈਨ ਕੋਚਿੰਗ ਮੁਹੱਈਆ ਕਰਵਾਈ ਜਾਵੇਗੀ : ਡੀਸੀ




**ਗੁਰਦਾਸਪੁਰ/ਨਵਨੀਤ ਕੁਮਾਰ**

ਪੰਜਾਬ ਸਰਕਾਰ ਦੇ ਘਰ ਘਰ ਰੋਜਗਾਰ ਮਿਸ਼ਨ ਤਹਿਤ ਜਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵੱਲੋ ਜਿਲ੍ਹੇ ਦੇ ਬੇਰੁਜਗਾਰ ਨੌਜਵਾਨਾ ਨੂੰ ਸਰਕਾਰੀ ਨੌਕਰੀਆਂ ਦੇ ਇਮਤਿਹਾਨਾਂ ਦੀ ਤਿਆਰੀ ਲਈ ਮੁਫਤ ਆਨ-ਲਾਇਨ ਕੋਚਿੰਗ ਮੁਹੱਈਆ ਕਰਵਾਈ ਜਾ ਰਹੀ ਹੈ।ਇਹ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਰਾਹੁਲ ਨੇ ਦੱਸਿਆ ਕਿ ਐਸ ਐਸ ਸੀ ਬੈਕ ( ਪੀ ਓ ਕਲਰਕ) ਆਰ ਆਰ ਬੀ, ਸੀ ਈ ਟੀ, ਪੀ ਪੀ ਐਸ ਸੀ, ਪੀ ਐਸ ਐਸ ਐਸ ਬੀ ਅਤੇ ਹੋਰ ਵਿਭਾਗੀ ਪ੍ਰੀਖਿਆਵਾ ਲਈ ਆਉਣ ਵਾਲੇ ਦਿਨਾਂ ਵਿਚ ਸ਼ੁਰੂ ਕੀਤੀ ਜਾਵੇਗੀ।ਉਹਨਾ ਦੱਸਿਆ ਕਿ ਇਸ ਦੇ ਨਾਲ ਹੀ ਕਲੈਰੀਕਲ ਅਤੇ ਕਾਂਸਟੇਬਲ ਅਸੀਮੀਆ ਲਈ ਮੁਫਤ ਆਨ-ਲਾਇਨ ਕੋਚਿੰਗ ਦਾ ਦਾ ਪਹਿਲਾ ਬੈਚ 08-09-2021 ਤੋ ਸ਼ੁਰੂ ਹੋਣ ਜਾ ਰਿਹਾ ਹੈ।ਕਲੈਰੀਕਲ ਬੈਚ ਲਈ ਐਨਬੋਲ ਹੋਣ ਵਾਲੇ ਉਮੀਦਵਾਰਾ ਨੇ ਗਰੈਜੂਏਸ਼ਨ ਮੁਕੰਮਲ ਕਰ ਲਈ ਹੋਵੇ ਅਤੇ ਜਦੋ ਕਿ 12ਵੀ ਪਾਸ ਉਮੀਦਵਾਰ ਪੁਲੀਸ ਕਾਂਸਟੇਬਲ ਲਈ ਅਪਲਾਈ ਕਰ ਸਕਦੇ ਹਨ।ਉਹਨਾ ਅੱਗੇ ਦੱਸਿਆ ਕਿ ਚਾਹਵਾਨ ਉਮੀਦਵਾਰ ਆਨ ਲਾਇਨ ਕੋਚਿੰਗ ਕਲਾਸਾਂ ਦਾ ਲਾਭ ਲੈਣ ਲਈ ਅਪਲਾਈ ਕਰ ਸਕਦੇ ਹਨ।ਉਹਨਾ ਅੱਗੇ ਦੱਸਿਆ ਕਿ ਚਾਹਵਾਨ ਉਮੀਦਵਾਰ ਆਨਲਾਇਨ ਕੋਚਿੰਗ ਕਲਾਸਾਂ ਦਾ ਲਾਭ ਲੈਣ ਲਈ ਲਾਗ ਇਨ ਕਰਕੇ ਇਹ ਨਾਆਨ ਲਾਇਨ ਕਲਾਸਾਂ ਲਈ ਅਪਲਾਈ ਕਰ ਸਕਦੇ ਹਨ। ਇਕ ਕੋਚਿੰਗ ਸੈਸ਼ਨ ਘੱਟੋ-ਘੱਟ ਚਾਰ ਮਹੀਨੇ ਦਾ ਹੋਵੇਗਾ।ਉਹਨਾ ਅੱਗੇ ਕਿਹਾ ਇਸ ਨਾਲ ਰੋਜਗਾਰ ਦੇ ਨਵੇ ਰਸਤੇ ਖੁਲਣਗੇ ਅਤੇ ਉਹਨਾ ਦੀ ਰੋਜਗਾਰ ਪ੍ਰਾਪਤ ਕਰਨ ਦੀ ਸਮਰੱਥਾ ਵਿਚ ਵੀ ਵਾਧਾ ਹੋਵੇਗਾ।

ਇਸ ਮੌਕੇ ਜਿਲ੍ਹਾ ਰੋਜਗਾਰ ਉੱਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ ਪਰਸ਼ੋਤਮ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਜਿਲ੍ਹੇ ਦੇ ਨੌਜਵਾਨਾ ਨੂੰ ਅਪੀਲ ਕੀਤੀ ਕਿ ਉਹਨਾਂ ਵੱਖਵੱਖ ਵਿਸ਼ਾ ਮਾਹਿਰਾ ਪਾਸੋ ਅਗਵਾਈ ਹਾਸਲ ਕਰਨ ਲਈ ਇਹਨਾ ਮੁਫਤ ਆਨਲਾਇਨ ਕੋਚਿੰਗ ਕਲਾਸਾਂ ਲਈ ਵੱਧ ਤੋ ਵੱਧ ਰਜਿਸਟ੍ਰੇਸ਼ਨ ਕਰਾਉਣ।ਇਸ ਸਬੰਧ ਵਿਚ ਜੇਕਰ ਕਿਸੇ ਵੀ ਤਰਾਂ ਦੀ ਮਦਦ ਦੀ ਲੋੜ ਹੋਵੇ ਤਾਂ ਉਹ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਦਫਤਰ ਜਾਂ ਹੈਲਪ ਲਾਈਨ ਨੰਬਰ 84440-00099 ਤੇ ਸੰਪਰਕ ਕਰ ਸਕਦੇ ਹਨ।

# ਮਨਵਾਲ ਦੇ ਰਹਿਣ ਵਾਲੇ ਮੁਹੰਮਦ ਰਫੀ ਤੇ ਹੋਇਆ ਜਾਨਲੇਵਾ ਹਮਲਾ, ਬਾਲ-ਬਾਲ ਬਚੀ ਜਾਨ



**ਪਠਾਨਕੋਟ/ਸੁੱਖਵਿੰਦਰ ਜੰਡੀਰ**

ਬੁੱਧਵਾਰ ਨੂੰ ਮਨਵਾਲ ਵਾਸੀ ਮੁਹੰਮਦ ਰਫ਼ੀ ਤੇ ਉਸ ਦੇ ਹੀ ਰਿਸ਼ਤੇਦਾਰ ਵੱਲੋਂ ਜਾਨਲੇਵਾ ਹਮਲਾ ਕਰ ਦਿੱਤਾ ਗਿਆ ਜਿਸ ਨਾਲ ਮੁਹੰਮਦ ਰਫ਼ੀ ਦੀਆਂ ਦੋ ਉਂਗਲੀਆਂ ਲਗਪਗ ਵਡੀਆਂ ਗਈਆਂ ਤੇ ਉਹ ਬੁਰੀ ਤਰ੍ਹਾਂ ਨਾਲ ਜ਼ਖਮੀ ਹੋ ਗਿਆ ਜਿਸ ਨੂੰ ਜ਼ੇਰੇ ਇਲਾਜ ਲਈ ਸਿਵਲ ਹਸਪਤਾਲ ਪਠਾਨਕੋਟ ਵਿੱਚ ਲਿਆਂਦਾ ਗਿਆ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਮੁਹੰਮਦ ਰਫੀ ਨੇ ਦੱਸਿਆ ਕਿ ਕੁਝ ਸਮੇਂ ਪਹਿਲਾਂ ਉਸਨੇ ਆਪਣੇ ਰਿਸ਼ਤੇਦਾਰ ਨੂੰ ਕੁਝ ਪੈਸੇ ਉਧਾਰੇ ਦਿੱਤੇ ਸਨ ਉਨ੍ਹਾਂ ਪੈਸਿਆਂ ਨੂੰ ਵਾਪਸ ਮੰਗਣ ਦੇ ਚਲਦਿਆਂ ਉਸਦੇ ਰਿਸ਼ਤੇਦਾਰ ਵੱਲੋਂ ਉਸ ਉੱਤੇ ਜਾਨਲੇਵਾ ਹਮਲਾ ਕਰ ਦਿੱਤਾ ਗਿਆ ਉਨ੍ਹਾਂ ਦੱਸਿਆ ਕਿ ਬੁੱਧਵਾਰ ਨੂੰ ਜਦੋਂ ਉਹ ਆਪਣੇ ਖੇਤਾਂ ਤੋਂ ਵਾਪਸ ਆ ਰਹੇ ਸਨ ਤਾਂ ਉਨ੍ਹਾਂ ਦੇ ਰਿਸ਼ਤੇਦਾਰ ਮੁਹੰਮਦ ਰਫੀਕ ਉਰਫ ਛੂਨਾ ਵੱਲੋਂ ਕਿਸੇ ਤੇਜ਼ਧਾਰ ਹਥਿਆਰ ਨਾਲ ਪਿੱਛੋਂ ਆ ਕੇ ਉਨ੍ਹਾਂ ਉਤੇ ਵਾਰ ਕੀਤਾ ਗਿਆ ਉਨ੍ਹਾਂ ਦੱਸਿਆ ਕਿ ਹਥਿਆਰ ਨੂੰ ਰੋਕਣ ਲਈ ਉਨ੍ਹਾਂ ਵੱਲੋਂ ਆਪਣੇ ਹੱਥ ਨੂੰ ਅੱਗੇ ਕੀਤਾ ਗਿਆ ਤਾਂ ਹਥਿਆਰ ਦਾ ਵਾਰ ਉਨ੍ਹਾਂ ਦੇ ਹੱਥ ਉੱਤੇ ਜਾ ਲੱਗਿਆ ਜਿਸ ਨਾਲ ਉਨ੍ਹਾਂ ਦੀਆਂ ਦੋ ਉਂਗਲੀਆਂ ਲਗਪਗ ਵਡੀਆਂ ਗਈਆਂ ਤੇ ਉਹ ਬੁਰੀ ਤਰ੍ਹਾਂ ਨਾਲ ਜ਼ਖਮੀ ਹੋ ਗਏ ਇੱਥੇ ਉਨ੍ਹਾਂ ਇਹ ਵੀ ਦੱਸਿਆ ਕਿ ਜੇਕਰ ਉਹ ਹਥਿਆਰ ਦੇ ਵਾਰ ਨੂੰ ਰੋਕਣ ਲਈ ਆਪਣਾ ਹੱਥ ਅੱਗੇ ਨਹੀਂ ਕਰਦੇ ਤਾਂ ਹਥਿਆਰ ਦਾ ਵਾਰ ਉਨ੍ਹਾਂ ਦੀ ਗਰਦਨ ਤੇ ਜਾ ਲੱਗਦਾ ਜਿਸ ਨਾਲ ਉਨ੍ਹਾਂ ਦੀ ਜਾਨ ਵੀ ਜਾ ਸਕਦੀ ਸੀ ਉਨ੍ਹਾਂ ਦੱਸਿਆ ਕਿ ਇਸ ਦੀ ਸ਼ਿਕਾਇਤ ਥਾਣਾ ਮਾਮੂਨ ਵਿੱਚ ਦੇ ਦਿੱਤੀ ਗਈ ਹੈ ਇਸ ਦੇ ਨਾਲ ਹੀ ਉਨ੍ਹਾਂ ਪ੍ਰਸ਼ਾਸਨ ਤੋਂ ਇਨਸਾਫ ਦੀ ਮੰਗ ਕੀਤੀ ਹੈ

***ਕੀ ਕਹਿਣਾ ਹੈ ਦੂਜੀ ਧਿਰ ਦਾ***

ਇਸ ਬਾਰੇ ਜਦੋਂ ਦੂਜੀ ਧਿਰ ਮੁਹੰਮਦ ਰਫੀਕ ਨਾਲ ਫੋਨ ਤੇ ਗੱਲ ਕਰਨੀ ਚਾਹੀ ਤਾਂ ਫੋਨ ਤੇ ਜਿਸ ਵਿਅਕਤੀ ਨਾਲ ਗੱਲ ਹੋਈ ਉਸਨੇ ਦੱਸਿਆ ਕਿ ਉਹ ਮੁਹੰਮਦ ਰਫੀਕ ਦਾ ਬੇਟਾ ਹੈ ਤੇ ਮੁਹੰਮਦ ਰਫੀਕ ਕਿਤੇ ਬਾਹਰ ਗਏ ਹੋਏ ਹਨ ਜਦੋਂ ਇਸ ਘਟਨਾ ਬਾਰੇ ਉਨ੍ਹਾਂ ਨੂੰ ਪੁੱਛਿਆ ਗਿਆ ਤਾਂ ਉਸ ਨੇ ਦੱਸਿਆ ਕਿ ਇਸ ਝਗੜੇ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ

***ਕੀ ਕਹਿਣਾ ਹੈ ਥਾਣਾ ਮਾਮੂਨ ਪੁਲਸ ਦਾ***

ਇਸ ਬਾਰੇ ਜਦੋਂ ਥਾਣਾ ਮਾਮੂਨ ਨਾਲ ਸੰਪਰਕ ਕੀਤਾ ਗਿਆ ਤਾਂ ਥਾਣਾ ਮਾਮੂਨ ਦੇ ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਹੈ ਤੇ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।

# ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਵਲੋਂ ਜ਼ਿਲੇ ਦੇ ਸਮੂਹ ਸੇਵਾ ਕੇਂਦਰ, ਦਿਨ ਸੋਮਵਾਰ ਤੋਂ ਸਨਿਚਰਵਾਰ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤਕ ਖੋਲ੍ਹਣ ਦੇ ਹੁਕਮ ਜਾਰੀ

**ਗੁਰਦਾਸਪੁਰ-ਨਵਨੀਤ ਕੁਮਾਰ**

ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਵਲੋਂ ਇਕ ਹੁਕਮ ਜਾਰੀ ਕੀਤਾ ਗਿਆ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਵਿਚ ਚੱਲ ਰਹੇ ਸਮੂਹ ਸੇਵਾ ਕੇਂਦਰ, ਦਿਨ ਸੋਮਵਾਰ ਤੋਂ ਸਨਿਚਰਵਾਰ ਤਕ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤਕ ਖੁੱਲ੍ਹਣਗੇ ਅਤੇ ਕੰਮ ਕਰਨਗੇ। ਹੁਕਮਾਂ ਵਿਚ ਅੱਗੇ ਕਿਹਾ ਗਿਆ ਹੈ ਕਿ ਜਿਲੇ ਦਾ ਕੋਈ ਵੀ ਸੈਵਾ ਕੇਂਦਰ ਲੋਕਾਂ /ਪ੍ਰਾਰਥੀਆਂ ਨੂੰ ਟੋਕਨ ਦੇਣ ਤੋਂ ਮਨ੍ਹਾ ਨਹੀਂ ਕਰੇਗਾ ਅਤੇ ਸਾਰੇ ਲੋਕਾਂ/ਪ੍ਰਾਰਥੀਆਂ ਨੂੰ ਉਸੇ ਸਮੇਂ ਹੀ ਡੀਲ ਕਰਕੇ ਉਸਦਾ ਕੰਮ, ਉਸੇ ਦਿਨ ਹੀ ਕਰਨ ਨੂੰ ਯਕੀਨੀ ਬਣਾਉਣਗੇ, ਭਾਵੇਂ ਰਾਤ ਦੇ 9 ਵਜੇ ਜਾਣ। ਅਜਿਹਾ ਕਰਨ ਲਈ ਜ਼ਿਲ੍ਹਾ ਮੈਨੇਜਰ ਸੇਵਾ ਕੇਂਦਰ ਗੁਰਦਾਸਪੁਰ ਵਾਧੂ ਸਟਾਫ ਨਿਯੁਕਤ ਕਰਨਗੇ। ਕੋਈ ਵੀ ਪ੍ਰਾਰਥੀ ਨੂੰ ਵਾਪਸ ਨਹੀਂ ਭੇਜਿਆ ਜਾਵੇਗਾ।ਹੁਕਮਾਂ ਵਿਚ ਦੱਸਿਆ ਗਿਆ ਹੈ ਕਿ ਸ੍ਰੀਮਤੀ ਅਰੁਣਾ ਚੋਧਰੀ ਸੁਰੱਖਿਆ, ਇਸਤਰੀ ਅਤੇ ਬਾਲ



ਵਿਕਾਸ ਵਿਭਾਗ ਪੰਜਾਬ ਵਲੋਂ ਡਿਪਟੀ ਕਮਿਸ਼ਨਰ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਜ਼ਿਲੇ ਦੇ ਸਾਰੇ ਸੇਵਾ ਕੇਂਦਰਾਂ ਵਿਚ ਲੋਕ, ਸੇਵਾ ਕੇਦਰਾਂ ਵਿਚ ਜਾ ਰਹੇ ਹਨ ਪਰੰਤੂ ਸੇਵਾ ਕੇਦਰਾਂ ਵਲੋਂ ਲੋਕਾਂ ਨੂੰ ਸੇਵਾਵਾਂ ਲਈ ਰੋਜ਼ਾਨਾ ਕੇਵਲ 25-30 ਟੋਕਨ ਹੀ ਜਾਰੀ ਕੀਤੇ ਜਾਂਦੇ ਹਨ, ਜਿਸ ਕਰਕੇ ਬਹੁਤ ਸਾਰੇ ਲੋਕਾਂ ਦੇ ਕੰਮ ਰਹਿ ਜਾਂਦੇ ਹਨ ਅਤੇ ਉਨਾਂ ਨੂੰ ਅਗਲੇ ਦਿਨ ਮੁੜ ਦੁਬਾਰਾ ਆਉਣ ਲਈ ਕਿਹਾ ਜਾਂਦਾ ਹੈ। ਇਸ ਲਈ ਆਮ ਪਬਲਿਕ ਨੂੰ ਗੰਭੀਰ ਸਮੱਸਿਆ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਉਕਤ ਨੂੰ ਮੁੱਖ ਰੱਖਦੇ ਹੋਏ, ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਸਮੂਹ ਚੱਲ ਰਹੇ ਸੇਵਾ ਕੇਦਰਾਂ ਦੇ ਸਮੇਂ ਵਿਚ ਤਬਦੀਲੀ ਕੀਤੀ ਗਈ ਹੈ। ਹੁਕਮਾਂ ਵਿਚ ਕਿਹਾ ਗਿਆ ਹੈ ਕਿ ਜਿਲੇ ਦੇ ਸੇਵਾ ਕੇਂਦਰਾਂ ਵਿਚ ਲੋਕ/ਪ੍ਰਾਰਥੀਆਂ ਦੀ ਭੀੜ ਬਹੁਤ ਜ਼ਿਆਦਾ ਹੈ। ਇਸ ਲਈ ਜਿਲਾ ਮੈਨੇਜਰ ਸੇਵਾ ਕੇਂਦਰ, ਪਿੰਡ ਅਵਾਖਾਂ , ਕਾਦੀਆਂ ਅਤੇ ਦੀਨਾਨਗਰ ਵਿਖੇ ਮਿਤੀ 15 ਸਤੰਬਰ 2021 ਤਕ ਆਰਜ਼ੀ ਤੋਰ 'ਤੇ ਵਾਧ ਕੰਪਿਊਟਰ ਲਗਾ ਕੇ ਅਤੇ ਕੰਪਿਊਟਰ ਆਪਰੇਟਰ ਤਾਇਨਾਤ ਕਰਕੇ ਲੋਕਾਂ /ਪ੍ਰਾਰਥੀਆਂ ਦੇ ਕੰਮਾਂ ਨੂੰ ਤੁਰੰਤ ਨੇਪਰੇ ਚਾੜਨਾ ਯਕੀਨੀ ਬਣਾਉਣਗੇ।

# ਸਿਹਤ ਵਿਭਾਗ ਦੀ ਟੀਮ ਨੇ ਤਲਵੰਡੀ ਸਾਬੋ ਦੇ ਨਿੱਜੀ ਸਕੂਲਾਂ ਦੇ ਵਿਦਿਆਰਥੀਆਂ ਦੇ ਭਰੇ ਕੋਰੋਨਾ ਸੈਂਪਲ

**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**

ਸਿਹਤ ਵਿਭਾਗ ਵੱਲੋਂ ਕੋਰੋਨਾ ਮਹਾਂਮਾਰੀ ਦੀ ਤੀਸਰੀ ਲਹਿਰ ਤੋਂ ਸਕੂਲੀ ਬੱਚਿਆਂ ਨੂੰ ਬਚਾਉਣ ਲਈ ਵਿੱਢੀ ਗਈ ਮਹਿਮ ਦੇ ਤਹਿਤ ਜਿਥੇ ਸਰਕਾਰੀ ਸਕੂਲਾਂ ਦੇ ਬੱਚਿਆਂ ਦੀ ਸੈਂਪਲਿੰਗ ਕੀਤੀ ਗਈ ਉਥੇ ਹੁਣ ਨਿੱਜੀ ਸਕੂਲਾਂ ਦੇ ਵਿਦਿਆਰਥੀਆਂ ਦੀ ਵੀ ਕੋਰੋਨਾ ਟੈਸਟਿੰਗ ਕੀਤੀ ਜਾ ਰਹੀ ਹੈ ਜਿਸ ਦੇ ਚਲਦਿਆਂ ਅੱਜ ਸਹੀਦ ਬਾਬਾ ਦੀਪ ਸਿੰਘ ਸਿਵਲ ਹਸਪਤਾਲ ਤਲਵੰਡੀ ਸਾਬੋ ਦੇ ਐਸ ਐਮ ਓ ਡਾਕਟਰ ਦਰਸਨ ਕੌਰ ਦੀ ਅਗਵਾਈ ਹੇਠ ਸਿਹਤ ਕਰਮੀਆਂ ਦੀ ਟੀਮ ਨੇ ਤਲਵੰਡੀ ਸਾਬੋ ਹਲਕੇ ਦੇ ਕਈ ਸਕੂਲਾਂ ਦੇ ਵਿਦਿਆਰਥੀਆਂ ਦੇ ਸੈਂਪਲ ਭਰੇ ਗਏ। ਅੱਜ ਦੇ ਸਡਿਊਲ ਅਨੁਸਾਰ ਪਿੰਡ ਤਿਉਣਾ, ਕਲਾਲਵਾਲਾ, ਲਹਿਰੀ ਅਤੇ ਨੰਗਲਾ ਪਿੰਡਾਂ 'ਚ ਚੱਲ ਰਹੇ ਨਿੱਜੀ ਸਕੂਲਾਂ ਵਿਖੇ ਜਿੱਥੇ ਵਿਦਿਆਰਥੀਆਂ ਦੇ ਕੋਰੋਨਾ ਸੈਂਪਲ ਲਏ ਗਏ ਉੱਥੇ ਸਟਾਫ ਦੇ ਟੈਸਟ ਵੀ ਕੀਤੇ ਗਏ। ਸਿਹਤ ਵਿਭਾਗ ਦੇ ਸੀਐੱਚਓ ਕਲਾਲਵਾਲਾ ਮੈਡਮ



ਕਿਰਨ, ਪ੍ਰਿਤਪਾਲ ਕੌਰ ਸੀਐੱਚਓ ਮਾਨਸਾ ਕਲਾਂ ਅਤੇ ਬਲਵੀਰ ਸਿੰਘ ਜੋਧਪੁਰ ਪਾਖਰ ਦੀ ਟੀਮ ਨੇ ਗੁਰੂ ਹਰਗੋਬਿੰਦ ਪਬਲਿਕ ਸਕੂਲ ਲਹਿਰੀ ਵਿਖੇ ਸੈਂਪਲ ਭਰਨ ਮੌਕੇ ਜਿੱਥੇ ਬੱਚਿਆਂ ਨੂੰ ਕੋਰੋਨਾ ਤੋਂ ਬਚਣ ਲਈ ਵਰਤੀਆਂ ਜਾਂਦੀਆਂ ਸਾਵਧਾਨੀਆਂ ਸਬੰਧੀ ਜਾਗ੍ਰਿਤ ਕੀਤਾ ਉੱਥੇ ਉਹਨਾਂ ਨੂੰ ਅਪੀਲ ਕੀਤੀ ਕਿ ਆਪਣੇ ਮਾਪਿਆਂ, ਆਪਣੇ ਸਕੇ ਸਬੰਧੀਆਂ ਨੂੰ ਕੋਰੋਨਾ ਤੋਂ ਬਚਾਅ ਸਬੰਧੀ ਜਾਣੂ ਕਰਵਾਉਣ। ਉਹਨਾਂ ਕਿਹਾ ਕਿ ਸਿਹਤ ਮਾਹਿਰਾਂ ਅਨੁਸਾਰ ਤੀਸਰੀ ਲਹਿਰ ਬੱਚਿਆਂ ਲਈ ਖਤਰਨਾਕ ਦੱਸੀ ਜਾ ਰਹੀ ਹੈ ਪ੍ਰੰਤੂ ਅਸੀਂ ਪੂਰਾ ਅਹਿਤਿਆਤ ਰੱਖਕੇ ਇਸ ਲਹਿਰ ਤੋਂ ਬਚਣਾ ਹੋਵੇਗਾ। ਉਹਨਾਂ ਕਿਹਾ ਕਿ ਜੋ ਲੋਕ ਅਜੇ ਵੀ ਵੈਕਸੀਨ ਕਰਵਾਉਣ ਤੋਂ ਡਰ ਰਹੇ ਹਨ ਜਾਂ ਵੈਕਸੀਨ ਪ੍ਰਤੀ ਗਲਤ ਧਾਰਨਾਵਾਂ ਫੈਲਾਅ ਰਹੇ ਹਨ ਉਹਨਾਂ ਤੋਂ ਬਚ ਕੇ ਆਪਣੇ ਆਪ ਨੂੰ ਕੋਰੋਨਾ ਤੋਂ ਬਚਾਉਣ ਲਈ ਵੈਕਸੀਨ ਕਰਵਾ ਲੈਣੀ ਚਾਹੀਦੀ ਹੈ।

Website : www.lokbani.com
lokbani08@gmail.com

# ਮੋਹਲੇਧਾਰ ਮੀਂਹ ਨਾਲ ਨਰਮੇ ਦੀ ਫਸਲ ਦਾ ਭਾਰੀ ਨੁਕਸਾਨ, ਨੀਵੇਂ ਘਰਾਂ 'ਚ ਭਰਿਆ ਕਈ ਫੁੱਟ ਪਾਣੀ



**ਰਾਮਾਂ ਮੰਡੀ/ਅਨਿਲ ਜੈਨ**

ਅੱਜ ਸਵੇਰੇ ਲਗਾਤਾਰ 4 ਘੰਟੇ ਤੋਂ ਵੱਧ ਸਮਾਂ ਪਏ ਮੋਹਲੇਧਾਰ ਮੀਂਹ ਨਾਲ ਇਲਾਕੇ ਦੇ ਖੇਤਾਂ ਵਿੱਚ ਤਿਆਰ ਖੜੀ ਨਰਮੇ ਦੀ ਫਸਲ ਦਾ ਕਰੀਬ 50 ਫੀਸਦੀ, ਝੋਨੇ ਦੀ ਫਸਲ ਦਾ 10 ਫੀਸਦੀ ਅਤੇ ਸਬਜੀਆਂ ਦਾ ਵੀ ਨੁਕਸਾਨ ਹੋ ਜਾਣ ਦੀ ਖਬਰ ਹੈ। ਕਿਸਾਨਾਂ ਗੁਰਚੇਤ ਸਿੰਘ ਸਿੱਧੂ ਰਾਮਾਂ, ਮੋਦਨ ਸਿੰਘ ਸਾਬਕਾ ਪੰਚ ਸੇਖੂ, ਜਸਪਾਲ ਸਿੰਘ ਸਾਬਕਾ ਸਰਪੰਚ ਬਾਘਾ ਦੇ ਦੱਸਣ ਅਨੁਸਾਰ ਮੀਂਹ ਨਾਲ ਜਿੱਥੇ ਨਰਮੇ ਦੇ ਫੁੱਲ ਝੜ ਗਏ ਉੱਥੇ ਨਰਮੇ ਦੀ ਬੂਟੇ ਹਵਾ ਨਾਲ ਧਰਤੀ 'ਤੇ ਵੀ ਵਿੱਛ ਗਏ। ਇਸ ਤੋਂ ਇਲਾਵਾ ਸਾਰਾ ਸ਼ਹਿਰ ਵੀ ਜਲ ਥਲ ਹੋ ਗਿਆ ਹੈ। ਮੀਂਹ ਨਾਲ ਭਾਵੇਂ ਗਰਮੀ ਤੋਂ ਲੋਕਾਂ ਨੂੰ ਰਾਹਤ ਮਿਲ ਗਈ ਹੈ ਪਰ ਫਸਲਾਂ ਲਈ ਮੀਂਹ ਕਹਿਰ ਸਾਬਤ ਹੋਇਆ ਹੈ। ਸ਼ਹਿਰ ਦੀਆਂ ਕਈ ਗਲੀਆਂ ਜੋ ਨੀਵੀਆਂ ਹੋਣ ਕਾਰਨ ਨਹਿਰ ਦਾ ਰੂਪ ਧਾਰ ਗਈਆਂ ਵਿੱਚੋਂ ਲੰਘਣ ਲਈ ਪੈਦਲ ਅਤੇ ਦੋਪਹੀਆ ਵਾਹਨ ਚਾਲਕਾਂ ਨੂੰ ਵੀ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਉੱਥੇ ਗਲੀਆਂ ਅਤੇ ਸੜਕਾਂ ਦੇ ਲੇਵਲ ਤੋਂ ਨੀਵੇਂ ਘਰਾਂ ਵਾਲਿਆਂ ਲਈ ਵੀ ਮੀਂਹ ਆਫਤ ਸਾਬਤ ਹੋਇਆ ਹੈ। ਨੀਵੇਂ ਘਰਾਂ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਬੇਸ਼ਕ ਸਰਕਾਰਾਂ ਭਾਰਤ ਨੂੰ ਕੰਮਪਿਊਟਰ ਯੁੱਗ 'ਚ ਦਾਖਲ ਹੋਣ ਦਾ ਦਾਅਵਾ ਕਰਕੇ ਦੇਸ਼ ਦੀ ਤਰੱਕੀ ਦੇ ਦਾਅਵੇ ਕਰ ਰਹੀਆਂ ਹਨ ਪਰ ਕੰਮਪਿਊਟਰ ਯੁੱਗ ਤੋਂ ਪਹਿਲਾ ਮੀਹਾਂ ਦਾ ਪਾਣੀ ਘਰਾਂ ਵਿੱਚ ਦਾਖਲ ਨਹੀਂ ਹੁੰਦਾ ਸੀ ਅਤੇ ਸਾਰੇ ਸ਼ਹਿਰ ਦੇ ਪਾਣੀ ਦੀ ਨਿਕਾਸੀ ਇਤਨੀ ਜਿਆਦਾ ਸਹੀ ਸੀ ਕਿ ਕਈ ਕਈ ਦਿਨ ਲਗਾਤਾਰ ਮੀਂਹ ਪੈਣ ਤੋਂ ਬਾਅਦ ਵੀ ਪਾਣੀ ਦੀ ਇੱਕ ਬੂੰਦ ਹੀਂ ਖੜੀ ਨਹੀਂ ਹੁੰਦੀ ਸੀ ਪਰ ਹੁਣ ਕਈ ਕਈ ਵਾਰ ਗਲੀਆਂ ਅਤੇ ਸੜਕਾਂ ਉੱਚੇ ਕੀਤੇ ਜਾਣ ਤੋਂ ਬਾਅਦ ਵੀ ਜਿੱਥੇ ਮੀਹਾ ਦਾ ਪਾਣੀ ਗਲੀਆਂ ਵਿੱਚ ਭਰ ਰਿਹਾ ਹੈ ਉੱਥੇ ਨੀਵੇਂ ਘਰਾਂ ਲਈ ਵੀ ਕਹਿਰ ਬਣ ਰਿਹਾ ਹੈ। ਵੱਡਾ ਹਿੱਸਾ ਗਰਾਂਟ ਗਲੀਆਂ ਉੱਚੀਆਂ ਕਰਨ 'ਤੇ ਖਰਚ ਕੀਤੇ ਜਾਣ ਤੋਂ ਬਾਅਦ ਵੀ ਪਾਣੀ ਗਲੀਆਂ ਵਿੱਚ ਹੀ ਭਰ ਰਿਹਾ ਹੈ।

## ਭਾਰੀ ਬਾਰਸ ਕਾਰਨ ਫਸਲਾਂ ਦੇ ਹੋਏ ਨੁਕਸਾਨ ਦੀ ਗਿਰਦਾਵਰੀ ਕਰਵਾਕੇ ਪੀੜਤ ਕਿਸਾਨਾਂ ਨੂੰ ਮੁਆਵਜਾ ਦਿੱਤਾ ਜਾਵੇ : ਰਾਮਕਰਨ ਸਿੰਘ ਰਾਮਾਂ

**ਰਾਮਾਂ ਮੰਡੀ/ਅਨਿਲ ਜੈਨ**

ਅੱਜ ਸਵੇਰ ਤੋਂ ਹੋ ਰਹੀ ਭਾਰੀ ਬਾਰਸ ਅਤੇ ਤੇਜ ਹਵਾਵਾਂ ਕਾਰਨ ਮਾਲਵਾ ਪੱਟੀ ਇਲਾਕੇ ਵਿਚ ਕਿਸਾਨਾਂ ਦੀ ਨਰਮੇ ਅਤੇ ਕਪਾਹ ਦੀ ਫਸਲ ਨੂੰ ਭਾਰੀ ਨੁਕਸਾਨ ਹੋਇਆ ਹੈ। ਫਸਲਾਂ ਧਰਤੀ ਤੇ ਵਿਛ ਗਈਆਂ ਨਰਮੇ ਦੀ ਫਸਲ ਦੇ ਫਲ-ਫੁੱਲ ਝੜ ਗਏ, ਖਿੜਿਆ ਨਰਮਾ-ਕਪਾਹ ਵੀ ਖਰਾਬ ਹੋ ਗਿਆ ਹੈ। ਇਸ ਸਬੰਧੀ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸੂਬਾ ਮੁੱਖ ਸਕੱਤਰ ਜਨਰਲ ਰਾਮਕਰਨ ਸਿੰਘ ਰਾਮਾਂ ਨੇ ਕਿਹਾ ਕਿ ਭਾਰੀ ਝੱਖੜ ਅਤੇ ਭਾਰੀ ਮੀਂਹ ਕਾਰਨ ਨਰਮਾ-ਕਪਾਹ ਦੇ ਝਾੜ ਤੇ ਵੀ ਇੱਕ ਵੱਡਾ ਅਸਰ ਪਵੇਗਾ ਅਤੇ ਸਬਜੀਆਂ ਦਾ ਵੀ ਭਾਰੀ ਨੁਕਸਾਨ ਹੋਇਆ ਹੈ। ਜਿਆਦਾ ਬਾਰਸ ਪੈਣ ਕਾਰਨ ਇਕ ਵਾਰ ਸਬਜੀਆਂ ਦੀ ਫਸਲ ਰੁਕ ਜਾਵੇਗੀ ਅਤੇ ਸਬਜੀਆਂ ਦੇ ਭਾਅ ਅਸਮਾਨੀ ਚੜ੍ਹ ਜਾਣਗੇ। ਜੇਕਰ ਬਾਰਸ ਇਸ ਤਰ੍ਹਾਂ ਜਾਰੀ ਰਹੀ ਤਾਂ ਨਰਮਾ- ਕਪਾਹ ਪੱਟੀ ਦੇ ਕਿਸਾਨਾਂ ਦਾ ਭਾਰੀ ਨੁਕਸਾਨ ਹੋਵੇਗਾ। ਕਿਸਾਨ ਆਗੂ ਰਾਮਕਰਨ ਸਿੰਘ ਰਾਮਾ ਨੇ ਕਿਹਾ ਜੋ ਪਿਛਲੇ ਦਿਨੀਂ ਪੰਜਾਬ ਵਿੱਚ ਬਾਰਸ ਪਈ ਸੀ, ਉਸ ਨਾਲ ਨਰਮਾ-ਕਪਾਹ, ਝੋਨੇ ਦੀ ਫਸਲ ਬਰਬਾਦ ਹੋ ਗਈ ਸੀ। ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਅਜੇ ਤੱਕ ਕੋਈ ਮੁਆਵਜਾ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਿਸੇਸ ਗਿਰਦਾਵਰੀ ਕਰਵਾ ਕੇ ਕਿਸਾਨਾਂ ਦੇ ਹੋਏ ਭਾਰੀ ਬਾਰਸ ਕਾਰਨ ਫਸਲਾਂ ਦੇ ਨੁਕਸਾਨ ਦਾ ਮੁਆਵਜਾ ਦੇਵੇ। ਕਿਸਾਨ ਆਗੂ ਰਾਮਕਰਨ ਸਿੰਘ ਰਾਮਾ ਨੇ ਦੱਸਿਆ ਕਿ ਸਾਲ 2019 ਜੂਨ ਮਹੀਨੇ ਵਿਚ ਬਲਾਕ ਤਲਵੰਡੀ ਸਾਬੋ ਦੇ ਕਈ ਪਿੰਡਾਂ ਵਿੱਚ ਭਾਰੀ ਗੜ੍ਹੇਮਾਰੀ ਕਾਰਨ ਨਰਮੇ ਦੀ ਫਸਲ ਦਾ ਨੁਕਸਾਨ ਹੋਇਆ ਸੀ। ਜਿਸਦੀ ਪੰਜਾਬ ਸਰਕਾਰ ਨੇ ਵਿਸੇਸ ਗਿਰਦਾਵਰੀ ਕਰਵਾ ਕੇ 12 ਹਜਾਰ ਰੁਪਏ ਪ੍ਰਤੀ ਏਕੜ ਮੁਆਵਜਾ ਭੇਜ ਦਿੱਤਾ ਸੀ ਪਰੰਤੂ ਅਜੇ ਵੀ ਬਹੁਤੇ ਕਿਸਾਨਾਂ ਨੂੰ ਅਜੇ ਤੱਕ ਉਨ੍ਹਾਂ ਦੇ ਹੋਏ ਨੁਕਸਾਨ ਦਾ ਮੁਆਵਜਾ ਨਹੀਂ ਦਿੱਤਾ। ਜਦੋਂ ਕਿ ਉਨ੍ਹਾਂ ਕਿਸਾਨਾਂ ਦੇ ਨੁਕਸਾਨ ਦੇ ਚੈੱਕ ਤਹਿਸੀਲਦਾਰ ਦਫਤਰ ਪਏ ਹਨ। ਉਨ੍ਹਾਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਤਹਿਸੀਲਦਾਰ ਦਫਤਰ ਅੰਦਰ ਪਏ ਕਿਸਾਨਾਂ ਦੇ ਚੈੱਕ ਉਨ੍ਹਾਂ ਨੂੰ ਤੁਰੰਤ ਨਹੀਂ ਦਿੱਤੇ ਤਾਂ ਮਜਬੂਰਨ ਭਾਰਤੀ ਕਿਸਾਨ ਯੂਨੀਅਨ ਨੂੰ ਸੰਘਰਸ ਕਰਨਾ ਪਵੇਗਾ।






## ਰਣਜੀਤ ਸਾਗਰ ਡੈਮ ਕੰਟਰੋਲ ਰੂਮ ਦੀ ਬਿਲਡਿੰਗ ਦਾ ਕੀਤਾ ਉਦਘਾਟਨ



**ਪਠਾਨਕੋਟ/ਸੁੱਖਵਿੰਦਰ ਜੰਡੀਰ**

ਰਣਜੀਤ ਸਾਗਰ ਡੈਮ ਤੇ ਬਣਾਏ ਗਏ ਨਵੇਂ ਕੰਟਰੋਲ ਰੂਮ ਦੀ ਇਮਾਰਤ ਦਾ ਉਦਘਾਟਨ ਕਰਨ ਲਈ ਡੈਮ ਪ੍ਰਸ਼ਾਸਨ ਵੱਲੋਂ ਇੱਕ ਪ੍ਰੋਗਰਾਮ ਆਯੋਜਿਤ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਰਣਜੀਤ ਸਾਗਰ ਡੈਮ ਤੇ ਸ਼ਾਹਪੁਰਕੰਢੀ ਡੈਮ ਦੇ ਜੀਐਮ ਸੰਦੀਪ ਸਲੂਜਾ ਮੁੱਖ ਇੰਜੀਨੀਅਰ ਰਾਮ ਦਰਸ਼ਨ ਮੌਜੂਦ ਹੋਏ ਇਸ ਮੌਕੇ ਉਨ੍ਹਾਂ ਨਾਲ ਖਾਸ ਮਹਿਮਾਨ ਵਜੋਂ ਐਸੀ ਐਡਮਿਨ ਨਰੇਸ਼ ਮਹਾਜਨ ਐਕਸੀਅਨ ਪ੍ਰੇਮ ਸਾਗਰ ਸ਼ਰਮਾ ਐਕਸੀਅਨ ਐਮਐਸ ਗਿੱਲ ਮੌਜੂਦ ਰਹੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦੇ ਹੋਏ ਐਕਸੀਅਨ ਪ੍ਰੇਮ ਸਾਗਰ ਸ਼ਰਮਾ ਨੇ ਦੱਸਿਆ ਕਿ ਅੱਜ ਰਣਜੀਤ ਸਾਗਰ ਡੈਮ ਤੇ ਕੰਟਰੋਲ ਰੂਮ ਦੀ ਨਵੀਂ ਬਣੀ ਇਮਾਰਤ ਦਾ ਉਦਘਾਟਨ ਕੀਤਾ ਗਿਆ ਹੈ ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਰਣਜੀਤ ਸਾਗਰ ਡੈਮ ਦੇ ਵੱਖ ਵੱਖ ਥਾਵਾਂ ਤੇ ਕੰਟਰੋਲ ਰੂਮ ਬਣਾਏ ਗਏ ਸਨ ਜਿਨ੍ਹਾਂ ਵਿੱਚ ਬੈਠ ਕੇ ਅਧਿਕਾਰੀਆਂ ਵਲੋਂ ਕੰਮ ਕੀਤਾ ਜਾਂਦਾ ਸੀ ਪਰ ਹੁਣ ਸਾਰੇ ਕੰਟਰੋਲ ਰੂਮਾਂ ਲਈ ਇੱਕ ਹੀ ਇਮਾਰਤ ਬਣਾ ਦਿੱਤੀ ਗਈ ਹੈ ਉਨ੍ਹਾਂ ਦੱਸਿਆ ਕਿ ਇਸ ਇਮਾਰਤ ਅਧੀਨ ਸਾਰੇ ਕੰਟਰੋਲ ਰੂਮਾਂ ਦੇ ਕੰਮ ਨੂੰ ਕੀਤਾ ਜਾਵੇਗਾ ਉਨ੍ਹਾਂ ਦੱਸਿਆ ਕਿ ਇਹ ਇਮਾਰਤ ਅਧੀਨ ਸਾਰੇ ਕੰਟਰੋਲ ਰੂਮ ਦੇ ਅਧਿਕਾਰੀਆਂ ਦੇ ਮੌਜੂਦ ਹੋਨ ਨਾਲ ਅਧਿਕਾਰੀਆਂ ਨੂੰ ਕੰਮ ਕਰਨ ਵਿਚ ਆਸਾਨੀ ਹੋਵੇਗੀ ਤੇ ਕੰਟਰੋਲ ਰੂਮ ਵਿਚ ਕੀਤੇ ਜਾਣ ਵਾਲੇ ਕੰਮ ਨੂੰ ਬਹੁਤ ਹੀ ਸੁਚਾਰੂ ਢੰਗ ਨਾਲ ਕੀਤਾ ਜਾ ਸਕੇਗਾ ਜਿਸ ਨਾਲ ਡੈਮ ਪ੍ਰਸ਼ਾਸਨ ਨੂੰ ਕੰਮ ਕਰਨ ਵਿੱਚ ਹੋਰ ਆਸਾਨੀ ਹੋਵੇਗੀ ਇਸ ਮੌਕੇ ਉਨ੍ਹਾਂ ਨਾਲ ਹੋਰ ਲੋਕ ਵੀ ਮੌਜੂਦ ਰਹੇ।

## ਕਿਸਾਨ ਮਜਦੂਰ ਸੰਘਰਸ ਕਮੇਟੀ ਨੇ ਬਲਾਕ ਦੇ ਦੋਨਾਂ ਠਾਣਿਆਂ ਅੱਗੇ ਫੂਕਿਆ ਪੰਜਾਬ ਸਰਕਾਰ ਦਾ ਪੁਤਲਾ





**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਪੰਜਾਬ ਸਰਕਾਰ ਵੱਲੋਂ ਕਲ ਮੋਗੇ ਵਿਖੇ ਸਾਂਤਮਈ ਸੁਖਬੀਰ ਸਿੰਘ ਬਾਦਲ ਦਾ ਰੋਸ ਪ੍ਰਦਰਸਨ ਕਰ ਰਹੇ ਕਿਸਾਨਾਂ ਮਜਦੂਰਾਂ ਉੱਪਰ ਪੰਜਾਬ ਸਰਕਾਰ ਦੀ ਸ਼ਹਿ ਤੇ ਵਹਿਸਿਆਨਾ ਢੰਗ ਨਾਲ ਬਹੁਤ ਭਾਰੀ ਲਾਠੀਚਾਰਜ ਕਰਕੇ ਪੰਜਾਬ ਸਰਕਾਰ ਨੇ ਕਿਸਾਨਾਂ ਦੇ ਖੂਨ ਨਾਲ ਹੱਥ ਰੰਗੇ।ਜਿਸਦੇ ਵਿਰੋਧ ਵਿੱਚ ਕਿਸਾਨ ਮਜਦੂਰ ਸੰਘਰਸ ਕਮੇਟੀ ਪੰਜਾਬ ਵੱਲੋ ਫਿਰੋਜ਼ਪੁਰ ਫਾਜ਼ਿਲਕਾ ਰੋਡ ਜਾਮ ਕਰਕੇ ਥਾਣਾ ਲੱਖੋ ਕੇ ਬਹਿਰਾਮ ਅਤੇ ਥਾਣਾ ਮਮਦੋਟ ਦੇ ਅੱਗੇ ਪੰਜਾਬ ਸਰਕਾਰ ਅਤੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਤੇ ਰੋਸ ਪ੍ਰਦਰਸਨ ਕੀਤਾ ਗਿਆ।ਕਿਸਾਨ ਆਗੂ ਨਰਿੰਦਰਪਾਲ ਸਿੰਘ ਜਤਾਲਾ ,ਧਰਮ ਸਿੰਘ ਸਿੱਧੂ , ਬੂਟਾ ਸਿੰਘ ਕਰੀਆ, ਕੁਲਦੀਪ ਸਿੰਘ ਮੱਤੜ, ਗੁਰਬਖਸ ਸਿੰਘ ,ਗੁਰਜੀਤ ਸਿੰਘ ਫਾਰੂ ਵਾਲਾ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਮਜਦੂਰਾਂ ਵੱਲੋ ਪੰਜਾਬ ਸਰਕਾਰ ਦਾ ਪੁਤਲਾ ਫੂਕ ਕੇ ਭਾਰੀ ਨਾਅਰੇਬਾਜੀ ਕੀਤੀ ਗਈ ਤੇ ਕਿਹਾ ਕਿ ਲੋਕਤੰਤਰ ਵਿੱਚ ਹਰ ਕਿਸੇ ਨੂੰ ਰੋਸ ਪ੍ਰਗਟ ਕਰਨ ਦਾ ਅਧਿਕਾਰ ਹੈ,ਪਰ ਦੇਸ ਦੀ ਮੋਦੀ ਸਰਕਾਰ 9 ਮਹੀਨਿਆਂ ਤੋਂ ਦਿੱਲੀ ਵਿਖੇ ਕਾਲੇ ਕਾਨੂੰਨਾਂ ਖਿਲਾਫ ਚਲ ਰਹੇ ਸਾਂਤਮਈ ਅੰਦੋਲਨ ਨੂੰ ਫੇਲ ਕਰਨ ਲਈ ਲਗਾਤਾਰ ਕੋਝੀਆਂ ਚਾਲਾਂ ਚਲ ਰਹੀ ਹੈ।ਪੂੰਜੀਪਤੀਆਂ ਦੇ ਦਬਾਅ ਹੇਠ ਮੋਦੀ ਸਰਕਾਰ ਤਿੰਨ ਕਾਲੇ ਕਾਨੂੰਨ ਲਾਗੂ ਕਰਕੇ ਦੇਸ ਦੇ ਆਰਥਿਕ ਸੋਮੇ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਦੇਣਾ ਚਾਹੁੰਦੀ ਹੈ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਦੇ ਇਸ ਕਿਸਾਨ ਵਿਰੋਧੀ ਰੱਵਈਏ ਦੀ ਜਥੇਬੰਦੀ ਵੱਲੋਂ ਸਖਤ ਸਬਦਾਂ ਵਿੱਚ ਨਿਖੇਦੀ ਕਰਦੇ ਹਾਂ ਜੇਕਰ ਪੰਜਾਬ ਸਰਕਾਰ ਅਪਣੀਆਂ ਕੋਝੀਆਂ ਚਾਲਾਂ ਤੋ ਬਾਜ ਨਾ ਆਈ ਤਾ ਤਿੱਖੇ ਸਘੰਰਸ਼ ਦਾ ਐਲਾਨ ਕੀਤਾ ਜਾਵੇਗਾ ਜਿਸ ਦੀ ਜਿੰਮੇਵਾਰੀ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ।ਇਸ ਮੌਕੇ ਜੋਨ ਮਮਦੋਟ ਦੇ ਸਕੱਤਰ ਮੰਗਲ ਸਿੰਘ ਸਵਾਈ ਕੇ, ਗੁਰਦਿਆਲ ਸਿੰਘ ਟਿੱਬੀ, ਹਰਜਿੰਦਰ ਸਿੰਘ ਖੰਬਾ, ਬਲਰਾਜ ਸਿੰਘ ਜੰਲੋ ਕੇ, ਸੁਖਦੇਵ ਸਿੰਘ ਮਾਛੀਵਾੜਾ,ਰੰਗਾਂ ਸਿੰਘ ਭੁੱਲਰ ਅਤੇ ਜੋਨ ਝੋਕ ਟਹਿਲ ਸਿੰਘ ਵਾਲਾਂ ਦੇ ਸਕੱਤਰ ਡਾ ਗੁਰਨਾਮ ਸਿੰਘ ਅਲੀ ਕੇ, ਜੋਨ ਪ੍ਰਧਾਨ ਜਸਵੰਤ ਸਿੰਘ ਸ਼ਰੀਹ ਵਾਲਾ, ਕਾਰਜਕਾਰੀ ਪ੍ਰਧਾਨ ਸੁਖਵਿੰਦਰ ਸਿੰਘ ਬੁਰਜ ਮੱਖਣ ਸਿੰਘ, ਸੋਨਾ ਸਿੰਘ ਅਲੀ ਕੇ, ਟੈਕ ਸਿੰਘ ਅਲਫੂ ਕੇ, ਗੁਰਭੇਜ ਸਿੰਘ ਕਿਲੀ, ਰਜਿੰਦਰ ਸਿੰਘ ਫੁਲਰਵਨ, ਜਰਨੈਲ ਸਿੰਘ ਖਾਈ, ਲਖਵਿੰਦਰ ਸਿੰਘ ਪੀਰ ਕੇ ,ਜਸਵੰਤ ਸਿੰਘ ਹਾਮਦ, ਸੁਖਚੈਨ ਸਿੰਘ ਸ਼ਰੀਹ ਵਾਲਾ , ਜੋਗਾ ਸਿੰਘ ਬੈਰਕਾ,ਦਵਿੰਦਰ ਸਿੰਘ ਫੁਮਣ ਸਿੰਘ ,ਹਰਨਾਮ ਸਿੰਘ ,ਬਖਸਸਿ ਸਿੰਘ ,ਮੰਗਲ ਸਿੰਘ ,ਸਿੰਗਾਰਾ ਸਿੰਘ,ਮਨਪ੍ਰੀਤ ਸਿੰਘ ,ਕੁਲਜੀਤ ਸਿੰਘ, ਰਿੰਕੂ , ਕੁਲਜੀਤ ਸਿੰਘ ਆਦਿ ਹਾਜਰ ਸਨ।

# ਯੂਥ ਕਾਂਗਰਸ ਦੇ ਸੂਬਾ ਵਾਇਸ ਪ੍ਰਧਾਨ ਪਹੁੰਚੇ ਸੰਗਰੂਰ

## ਅਕਾਲੀ, ਭਾਜਪਾ ਸਮੇਤ ਆਪ ਤੇ ਕੀਤੇ ਤਿੱਖੇ ਹਮਲੇ

- 2022 ਚ ਮੁੜ ਕਾਂਗਰਸ ਸਰਕਾਰ ਬਣਨ ਦਾ ਦਾਅਵਾ
- ਕੈਪਟਨ ਸਰਕਾਰ ਨੇ ਹਰ ਵਰਗ ਦੀ ਭਲਾਈ ਹਿੱਤ ਕੰਮ ਕੀਤੇ : ਹਰਜਿੰਦਰ ਕੌਰ ਚੱਬੇਵਾਲ



**ਸੰਗਰੂਰ/ਵਰਮਾ**

ਪੰਜਾਬ ਯੂਥ ਕਾਂਗਰਸ ਦੇ ਨਵ-ਨਿਯੁਕਤ ਸੂਬਾ ਵਾਇਸ ਪ੍ਰਧਾਨ ਸਰਪੰਚ ਹਰਜਿੰਦਰ ਕੌਰ ਚੱਬੇਵਾਲ ਅੱਜ ਸੰਗਰੂਰ ਪਹੁੰਚੇ। ਜਿੱਥੇ ਉਨ੍ਹਾਂ ਅਕਾਲੀ ਦਲ, ਭਾਜਪਾ ਸਮੇਤ ਆਮ ਆਦਮੀ ਪਾਰਟੀ ਤੇ ਤਿੱਖੇ ਹਮਲੇ ਕੀਤੇ।ਸਰਪੰਚ ਹਰਜਿੰਦਰ ਕੌਰ ਚੱਬੇਵਾਲ ਵਿਧਾਨ ਸਭਾ ਯੂਥ ਕਾਂਗਰਸ ਸੰਗਰੂਰ ਦੇ ਪ੍ਰਧਾਨ ਸਾਜਨ ਕਾਂਗੜਾ ਦੇ ਨਿਵਾਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਨਾਲ ਸਾਜਨ ਕਾਂਗੜਾ ਪ੍ਰਧਾਨ ਵਿਧਾਨ ਸਭਾ ਯੂਥ ਕਾਂਗਰਸ ਸੰਗਰੂਰ ਵੀ ਹਾਜ਼ਰ ਸਨ।

ਚੱਬੇਵਾਲ ਨੇ ਕਿਹਾ ਕਿ ਪੰਜਾਬ ਭਰ ਵਿੱਚ ਕੈਪਟਨ ਸਰਕਾਰ ਨੇ ਵਿਕਾਸ ਕਾਰਜਾਂ ਦੀ ਝੜੀ ਲਗਾ ਰੱਖੀ ਹੈ। ਸੂਬੇ ਨੂੰ ਦੇਸ਼ ਭਰ ਵਿੱਚੋਂ ਸਭ ਤੋਂ ਖੁਬਸੂਰਤ ਅਤੇ ਬਿਹਤਰ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਸੂਬਾ ਵਾਇਸ ਪ੍ਰਧਾਨ ਨੇ ਵਿਰੋਧੀ ਪਾਰਟੀਆਂ ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਪੰਜਾਬ ਅੰਦਰ ਕੈਪਟਨ ਸਰਕਾਰ ਦੀ ਲੋਕਪ੍ਰਿਅਤਾ ਤੋਂ ਘਬਰਾ ਕੇ ਅਕਾਲੀ ਦਲ, ਭਾਜਪਾ ਅਤੇ ਆਮ ਆਦਮੀ ਪਾਰਟੀ ਦਾ ਕਾਂਗਰਸ ਨੂੰ ਹਰਾਉਣ ਲਈ ਅੰਦਰ ਖਾਤੇ ਰਲੇਵਾਂ ਹੋ ਗਿਆ ਹੈ। ਜਿਨ੍ਹਾਂ ਨੂੰ ਹਰ ਸਮੇਂ ਸਿਰਫ਼ ਕੈਪਟਨ ਅਮਰਿੰਦਰ ਸਿੰਘ ਹੀ ਨਜਰ ਆਉਂਦੇ ਹਨ।ਕੈਪਟਨ ਸਾਹਿਬ ਲੋਕ ਨੇਤਾ ਹਨ। ਜਿਨ੍ਹਾਂ ਦੇ ਮੁਕਾਬਲੇ ਪੰਜਾਬ ਵਿੱਚ ਕਿਸੇ ਵੀ ਸਿਆਸੀ ਪਾਰਟੀ ਕੋਲ ਕੋਈ ਲੀਡਰ ਨਹੀਂ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਆਪਣੇ ਵੱਲੋਂ ਵੱਡੇ ਪੱਧਰ ਤੇ ਹਰ ਵਰਗ ਦੇ ਹਿੱਤਾਂ ਲਈ ਕੀਤੇ ਕੰਮਾਂ ਸਦਕਾ ਮੁੜ ਸੱਤਾ ਵਿੱਚ ਆਏਗੀ।ਪੱਤਰਕਾਰਾਂ ਵੱਲੋਂ ਪੰਜਾਬ ਕਾਂਗਰਸ ਅਤੇ ਪੰਜਾਬ ਸਰਕਾਰ ਅੰਦਰ ਚੱਲ ਰਹੇ ਕਾਟੋ-ਕਲੇਸ਼ ਸਬੰਧੀ ਪੁੱਛੇ ਜਾਣ ਤੇ ਉਨ੍ਹਾਂ ਕਿਹਾ ਕਿ ਅਜਿਹੀ ਕੋਈ ਗੱਲ ਨਹੀਂ। ਸਮੁੱਚੀ ਕਾਂਗਰਸ ਪਾਰਟੀ ਇਕਜੁੱਟ ਹੈ। ਕਈ ਵਾਰੀ ਵੱਡੇ ਪਰਿਵਾਰਾਂ ਵਿੱਚ ਅਜਿਹੀਆਂ ਛੋਟੀਆਂ-ਛੋਟੀਆਂ ਗੱਲਾਂ ਹੋ ਜਾਂਦੀਆ ਹਨ। ਜਦੋਂ ਹਰਜਿੰਦਰ ਕੌਰ ਚੱਬੇਵਾਲ ਨੂੰ ਪੱਤਰਕਾਰਾਂ ਵੱਲੋਂ ਪੁਛਿਆ ਗਿਆ ਕਿ ਉਹ ਕੈਪਟਨ ਧੜੇ ਨਾਲ ਹਨ ਜਾਂ ਸਿੱਧੂ ਧੜੇ ਨਾਲ ਤਾਂ ਉਨ੍ਹਾਂ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਉਹ ਕਿਸੇ ਧੜੇ ਨਾਲ ਨਹੀਂ ਹਨ ਅਤੇ ਨਾ ਹੀ ਕਾਂਗਰਸ ਪਾਰਟੀ ਅੰਦਰ ਕੋਈ ਧੜੇਬੰਦੀ ਹੈ। ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੇ ਮੁੱਖ ਮੰਤਰੀ ਹਨ। ਜੋ ਵਧੀਆ ਢੰਗ ਨਾਲ ਸਰਕਾਰ ਚਲਾ ਰਹੇ ਹਨ ਅਤੇ ਨਵਜੋਤ ਸਿੰਘ ਸਿੱਧੂ ਪੰਜਾਬ ਕਾਂਗਰਸ ਦੇ ਪ੍ਰਧਾਨ ਹਨ ਅਤੇ ਉਹ ਕਾਂਗਰਸ ਪਾਰਟੀ ਨੂੰ ਮਜਬੂਤ ਕਰਨ ਲਈ ਕੰਮ ਕਰ ਰਹੇ ਹਨ। ਹਰਜਿੰਦਰ ਕੌਰ ਚੱਬੇਵਾਲ ਨੇ ਆਪਣੀ ਸੰਗਰੂਰ ਫੇਰੀ ਸਬੰਧੀ ਕਿਹਾ ਕਿ ਉਹ ਅੱਜ ਆਪਣੇ ਸਿਆਸੀ ਗੁਰੂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਤੇਜ਼- ਤਰਾਰ ਸੀਨੀਅਰ ਆਗੂ ਸ਼੍ਰੀਮਤੀ ਪੂਨਮ ਕਾਂਗੜਾ ਨੂੰ ਮਿਲਣ ਅਤੇ ਉਨ੍ਹਾਂ ਦਾ ਆਸ਼ੀਰਵਾਦ ਲੈਣ ਲਈ ਸੰਗਰੂਰ ਆਏ ਹਨ। ਸ਼੍ਰੀਮਤੀ ਪੂਨਮ ਕਾਂਗੜਾ ਹੀ ਉਨ੍ਹਾਂ ਲਈ ਪ੍ਰੇਰਨਾ ਸਰੋਤ ਹਨ।ਜਿਨ੍ਹਾਂ ਦੀ ਬਦੌਲਤ ਉਹ ਅੱਜ ਇਸ ਮੁਕਾਮ ਤੇ ਪਹੁੰਚੇ ਹਨ। ਹਰਜਿੰਦਰ ਕੌਰ ਚੱਬੇਵਾਲ ਨੇ ਕਿਹਾ ਕੈਪਟਨ ਸਰਕਾਰ ਨੇ ਮਹਿਲਾਵਾਂ ਨੂੰ ਹੋਰ ਸ਼ਕਤੀਸ਼ਾਲੀ ਬਣਾਉਣ ਲਈ ਜੋ ਕਦਮ ਚੁੱਕੇ ਹਨ, ਇਸ ਦਾ ਵੱਡਾ ਅਸਰ ਤੁਹਾਨੂੰ ਆਉਣ ਵਾਲੇ ਸਮੇਂ ਵਿੱਚ ਨਜਰ ਆਵੇਗਾ। ਇਸ ਮੌਕੇ ਸਰਪੰਚ ਹਰਜਿੰਦਰ ਕੌਰ ਚੱਬੇਵਾਲ ਦਾ ਦਲਿਤ ਵੈਲਫੇਅਰ ਸੰਗਠਨ ਪੰਜਾਬ ਵੱਲੋਂ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਯੂਥ ਕਾਂਗਰਸੀ ਵੀ ਹਾਜ਼ਰ ਸਨ।

## ਬੀਪੀਸੀਐਲ ਦਾ ਏਆਈ ਸਮਰਥਿਤ ਚੈਟਬੋਟ 'ਊਰਜਾ' ਗਾਹਕਾਂ ਨੂੰ ਬਿਹਤਰ ਡਿਜੀਟਲ ਅਨੁਭਵ ਕਰੇਗਾ ਪ੍ਰਦਾਨ

**ਚੰਡੀਗੜ੍ਹ/ਲੋਕ ਬਾਣੀ**

ਭਾਰਤ ਪੈਟਰੋਲੀਅਮ ਕਾਰਪੋਰੇਸਨ ਲਿਮਟਿਡ (ਬੀਪੀਸੀਐਲ), ਇੱਕ 'ਮਹਾਰਤਨ' ਅਤੇ ਫਾਰਚੂਨ ਗਲੋਬਲ 500 ਕੰਪਨੀ ਨੇ 'ਊਰਜਾ' ਨੂੰ ਲਾਂਚ ਕਰਨ ਦੀ ਘੋਸ਼ਣਾ ਕੀਤੀ ਹੈ, ਜੋ ਕਿ ਏਆਈ/ਐਨਐਲਪੀ (ਕੁਦਰਤੀ ਭਾਸਾ ਪ੍ਰੋਸੈਸਿੰਗ) ਸਮਰੱਥਾਵਾਂ ਅਤੇ ਸਿਖਲਾਈ ਪ੍ਰਾਪਤ ਇੱਕ ਬੁੱਧੀਮਾਨ ਵਰਚੁਅਲ ਸਹਾਇਕ ਹੈ। ਇਹ 600 ਤੋਂ ਵੱਧ ਵਰਤੋਂ ਦੇ ਮਾਮਲਿਆਂ ਲਈ ਜਾਣਕਾਰੀ ਦਿੰਦਾ ਹੈ। ਬੀਪੀਸੀਐਲ ਦੇ ਗਾਹਕ ਇੰਟਰਫੇਸ ਨੂੰ ਵਿਆਪਕ ਅਤੇ ਡਿਜੀਟਲ ਰੂਪ ਵਿਚ ਏਕੀਕ੍ਰਿਤ ਬਣਾਉਣ ਦੇ ਉਦੇਸ ਨਾਲ, ਉਰਜਾ ਚੈਟਬੋਟ ਹੁਣ ਕੰਪਨੀ ਦੀ ਵੈਬਸਾਈਟ 'ਤੇ ਬੀ2ਬੀ ਅਤੇ ਬੀ2ਸੀ ਦੋਵਾਂ ਲਈ ਕਿਸੇ ਵੀ ਉਪਭੋਗਤਾ ਪ੍ਰਸਨ ਲਈ ਉਪਲਬਧ ਹੈ। ਇਸ ਵਰਚੁਅਲ ਅਸਿਸਟੈਂਟ ਨੂੰ ਨਿਰਵਿਘਨ ਸਵੈ-ਸੇਵਾ ਦਾ ਤਜਰਬਾ ਪ੍ਰਦਾਨ ਕਰਨ ਅਤੇ ਖਪਤਕਾਰਾਂ ਦੇ ਪ੍ਰਸਨਾਂ / ਮੁੱਦਿਆਂ ਦੇ ਤੇਜੀ ਨਾਲ ਹੱਲ ਕਰਨ ਲਈ ਤਿਆਰ ਕੀਤਾ ਗਿਆ ਹੈ।

ਬੀਪੀਸੀਐਲ ਨੇ ਆਪਣੇ ਵਿਸਾਲ ਪ੍ਰਚੂਨ (ਬੀ 2 ਸੀ) ਅਤੇ ਵਪਾਰਕ (ਬੀ 2 ਬੀ) ਗਾਹਕਾਂ ਦੇ ਅਧਾਰ ਨੂੰ ਕਈ ਟੱਚਪੁਆਇੰਟਾਂ ਤੇ ਬੀਪੀਸੀਐਲ ਦਾ ਨਿਰਵਿਘਨ ਉੱਤਮ ਅਤੇ ਏਕੀਕ੍ਰਿਤ ਤਜਰਬਾ ਪ੍ਰਦਾਨ ਕਰਨ ਦੇ ਉਦੇਸ ਨਾਲ "ਪ੍ਰੋਜੈਕਟ ਅਨੁਭਵ" ਦੀ ਸੁਰੂਆਤ ਕੀਤੀ ਹੈ। ਪ੍ਰੋਜੈਕਟ ਅਨੁਭਵ ਦੇ ਅਧੀਨ, ਊਰਜਾ ਇੱਕ ਏਕੀਕ੍ਰਿਤ ਸੰਚਾਰ ਪਲੇਟਫਾਰਮ ਦੀ ਨੁਮਾਇੰਦਗੀ ਕਰਦਾ ਹੈ, ਜੋ ਕਿਸੇ ਵੀ ਚੈਨਲ ਲਈ ਸਾਰੇ ਬੀਪੀਸੀਐਲ ਸੰਚਾਰ, ਸਾਰੇ ਗਾਹਕ ਸੰਪਰਕ ਬਿੰਦੂਆਂ ਨੂੰ ਕੁਨੈਕਟ ਕਰਦਾ ਹੈ ਅਤੇ ਇੱਕਜੁਟ ਆਵਾਜ ਨਾਲ ਏਕੀਕ੍ਰਿਤ ਕਰਦਾ ਹੈ। ਐਲਪੀਜੀ ਬੁਕਿੰਗ ਕਰਨ ਲਈ ਵਟਸਐਪ 'ਤੇ 6 ਮਹੀਨਿਆਂ ਦੇ ਸਫਲ ਪਾਇਲਟ ਤੋਂ ਬਾਅਦ; ਊਰਜਾ ਅੱਜ 13 ਭਾਸਾਵਾਂ (ਅੰਗਰੇਜੀ, ਹਿੰਦੀ, ਤਾਮਿਲ, ਕੰਨੜ, ਮਲਿਆਲਮ, ਤੇਲਗੂ, ਮਰਾਠੀ, ਗੁਜਰਾਤੀ, ਉੜੀਆ, ਬੰਗਾਲੀ, ਪੰਜਾਬੀ, ਉਰਦੂ ਅਤੇ ਅਸਾਮੀ) ਵਿੱਚ ਉਪਲਬੱਧ ਹੈ। ਊਰਜਾ ਦੇ ਨਾਲ 45% ਤੋਂ ਵੱਧ ਗੱਲਬਾਤ ਗੈਰ-ਅੰਗਰੇਜੀ ਭਾਸਾਵਾਂ ਵਿੱਚ ਹੁੰਦੀ ਹੈ ਜੋ ਬੀਪੀਸੀਐਲ ਦੇ ਸਾਰੇ ਪ੍ਰਕਾਰ ਦੇ ਗਾਹਕਾਂ ਦੀ ਸਮੂਲੀਅਤ ਨੂੰ ਯਕੀਨੀ ਬਣਾਉਂਦੀ ਹੈ।

## ਪਰਿਵਾਰ ਨਾਲ ਘੁੰਮਣ ਆਇਆ ਨੌਜਵਾਨ ਅਚਾਨਕ ਝੀਲ 'ਚ ਡਿੱਗਿਆ ਹੋਈ ਮੌਤ



**ਪਠਾਨਕੋਟ/ਸੁੱਖਵਿੰਦਰ ਜੰਡੀਰ**

ਟੂਰਿਸਟ ਹੱਬ ਚੋਮਰੋੜ ਪੱਤਣ ਜੋ ਆਉਣ ਜਾਣ ਵਾਲੇ ਲੋਕਾਂ ਲਈ ਇਕ ਆਕਰਸ਼ਣ ਦਾ ਕੇਂਦਰ ਬਣਿਆ ਹੋਇਆ ਹੈ ਤੇ ਜਿੱਥੇ ਦੂਰ ਦੂਰ ਤੋਂ ਲੋਕ ਘੁੰਮਣ ਲਈ ਤੇ ਆਪਣੇ ਮਨੋਰੰਜਨ ਲਈ ਆਉਂਦੇ ਹਨ ਤੁਹਾਨੂੰ ਦੱਸ ਦਈਏ ਕਿ ਪ੍ਰਸ਼ਾਸਨ ਵੱਲੋਂ ਵੀ ਚਮਰੋਡ ਪੱਤਣ ਨੂੰ ਹੋਰ ਵਧੀਆ ਤੇ ਸੁੰਦਰ ਬਣਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ ਪਰ ਕਈ ਵਾਰ ਲੋਕਾਂ ਵੱਲੋਂ ਵਰਤੀ ਜਾਣ ਵਾਲੀ ਲਾਪ੍ਰਵਾਹੀ ਦੇ ਚੱਲਦਿਆਂ ਇੱਥੇ ਹਾਦਸੇ ਵੀ ਦੇਖਣ ਨੂੰ ਮਿਲਦੇ ਹਨ ਅਜਿਹਾ ਹੀ ਇਕ ਹਾਦਸਾ ਬੀਤੇ ਕੱਲ੍ਹ ਚਮਰੋਡ ਪੱਤਣ ਚ ਆਪਣੇ ਪਰਿਵਾਰ ਨਾਲ ਘੁੰਮਣ ਆਏ ਰਿਤਿਕ ਸੈਣੀ ਨਾਲ ਹੋ ਗਿਆ

ਸੂਤਰਾਂ ਦੇ ਹਵਾਲੇ ਤੋਂ ਮਿਲੀ ਜਾਣਕਾਰੀ ਅਨੁਸਾਰ ਰਿਤਿਕ ਸੈਣੀ ਜੋ ਆਪਣੇ ਪਰਿਵਾਰ ਨਾਲ ਚਮਰੋਡ ਪੱਤਣ ਝੀਲ ਤੇ ਘੁੰਮਣ ਲਈ ਆਇਆ ਹੋਇਆ ਸੀ ਤੇ ਝੀਲ ਦੇ ਕਿਨਾਰੇ ਘੁੰਮਦੇ ਹੋਏ ਉਸ ਦਾ ਅਚਾਨਕ ਪੈਰ ਫਿਸਲ ਗਿਆ ਜਿਸ ਕਾਰਨ ਉਹ ਝੀਲ ਵਿਚ ਜਾ ਡਿੱਗਿਆ ਉਸੇ ਸਮੇਂ ਉੱਥੇ ਮੌਜੂਦ ਲੋਕਾਂ ਨੇ ਸਥਾਨਕ ਪੁਲੀਸ ਦੀ ਮੌਜੂਦਗੀ ਵਿਚ ਸਾਬਕਾ ਸੈਨਿਕ ਦੀ ਮੱਦਦ ਨਾਲ ਉਸਨੂੰ ਝੀਲ ਵਿੱਚੋਂ ਬਾਹਰ ਕੱਢਿਆ ਜਿੱਥੇ ਉਸ ਦੇ ਪਿਤਾ ਵੱਲੋਂ ਉਸ ਨੂੰ ਉਸੇ ਸਮੇਂ ਮਿਲਟਰੀ ਹਸਪਤਾਲ ਵਿਚ ਇਲਾਜ ਲਈ ਲਿਆਂਦਾ ਗਿਆ ਜਿੱਥੇ ਉਸਦੀ ਮੌਤ ਹੋ ਗਈ।

## ਵੱਖ-ਵੱਖ ਰਾਜਨੀਤਿਕ ਪਾਰਟੀਆਂ ਨੂੰ ਛੱਡਕੇ ਇਕ ਦਰਜਨ ਪਰਿਵਾਰ ਕਾਂਗਰਸ ਪਾਰਟੀ ਵਿੱਚ ਸ਼ਾਮਲ



**ਰਾਮਾਂ ਮੰਡੀ/ਅਨਿਲ ਜੈਨ**

ਪਿੰਡ ਬੰਗੀ ਕਲਾਂ ਵਿਖੇ ਕਾਂਗਰਸ ਪਾਰਟੀ ਨੂੰ ਉਸ ਸਮੇਂ ਭਰਵਾਂ ਹੁੰਗਾਰਾ ਮਿਲਿਆ, ਜਦੋਂ 15 ਪਰਿਵਾਰ ਵੱਖ-ਵੱਖ ਪਾਰਟੀਆਂ ਨੂੰ ਛੱਡ ਕੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ। ਜਿਨ੍ਹਾਂ ਨੂੰ ਹਲਕਾ ਤਲਵੰਡੀ ਸਾਬੋ ਕਾਂਗਰਸ ਮੁੱਖ ਸੇਵਾਦਾਰ ਖੁਸਬਾਜ ਸਿੰਘ ਜਟਾਣਾ ਨੇ ਸਿਰੋਪਾ ਪਾਕੇ ਪਾਰਟੀ ਵਿੱਚ ਜੀ ਆਇਆ ਕਿਹਾ ਅਤੇ ਬਣਦਾ ਪੂਰਾ ਮਾਣ ਸਤਿਕਾਰ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਵਿਅਕਤੀਆਂ ਨੇ ਕਿਹਾ ਕਿ ਉਹ ਕਾਂਗਰਸ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਅਤੇ ਹਲਕੇ ਵਿੱਚ ਕਰਵਾਏ ਵਿਕਾਸ ਕਾਰਜ਼ਾ ਤੋਂ ਪ੍ਰਭਾਵਿਤ ਹੋ ਕੇ ਕਾਂਗਰਸ ਪਾਰਟੀ ਵਿਚ ਸ਼ਾਮਿਲ ਹੋ ਰਹੇ ਹਨ। ਇਸ ਮੌਕੇ ਹਲਕਾ ਸੇਵਾਦਾਰ ਖੁਸਬਾਜ ਜਟਾਨਾ ਨੇ ਕਿਹਾ ਕਿ ਕਾਂਗਰਸ ਪਾਰਟੀ ਦੀ ਸਰਕਾਰ ਨੇ ਹਮੇਸਾ ਹੀ ਵਿਕਾਸ ਨੂੰ ਪਹਿਲ ਦਿੱਤੀ ਹੈ ਜਿਸ ਕਾਰਨ ਵੱਡੀ ਵਿੱਚ ਹਲਕੇ ਦੇ ਲੋਕ ਕਾਂਗਰਸ ਪਾਰਟੀ 'ਚ ਸ਼ਾਮਲ ਹੋ ਰਹੇ ਹਨ। ਇਸ ਮੌਕੇ ਰਣਜੀਤ ਸਿੰਘ ਸੰਧੂ, ਦਰਸ਼ਨ ਸਿੰਘ ਸੰਧੂ, ਮੋਹਣੀ ਬੰਗੀ ਪ੍ਰਧਾਨ ਟਰੱਕ ਯੂਨੀਅਨ, ਆਦਿ ਹਾਜ਼ਰ ਸਨ।

## ਪਿੰਡ ਗਿਆਨਾ ਵਿਖੇ ਅਸਮਾਨੀ ਬਿਜਲੀ ਡਿੱਗਣ ਨਾਲ ਦੋ ਮੱਝਾਂ ਅਤੇ ਇੱਕ ਕੱਟੀ ਦੀ ਮੌਤ

**ਰਾਮਾਂ ਮੰਡੀ/ਅਨਿਲ ਜੈਨ** : ਅੱਜ ਸਵੇਰ ਤੋ ਕਈ ਘੰਟੇ ਲਗਾਤਾਰ ਪਏ ਤੇਜ ਮੀਂਹ ਦੋਰਾਨ ਨੇੜਲੇ ਪਿੰਡ ਗਿਆਨਾ ਵਿਖੇ ਕਿਸਾਨ ਗੁਰਮੀਤ ਸਿੰਘ ਪੁੱਤਰ ਗੁਰਦਿਆਲ ਸਿੰਘ ਦੇ ਘਰ ਅਸਮਾਨੀਂ ਬਿਜਲੀ ਡਿੱਗਣ ਨਾਲ ਦੋ ਮੱਝਾਂ ਅਤੇ ਇੱਕ ਕੱਟੀ ਦੀ ਮੌਤ ਹੋ ਗਈ ਅਤੇ ਇੱਕ ਮੱਝ ਦੀ ਅੱਖਾਂ ਦੀ ਰੌਸਨੀ ਵੀ ਚਲੀ ਗਈ। ਕਿਸਾਨ ਗੁਰਮੀਤ ਸਿੰਘ ਦੇ ਦੱਸਣ ਅਨੁਸਾਰ ਅਸਮਾਨੀ ਬਿਜਲੀ ਡਿੱਗਣ ਨਾਲ ਘਰ ਦੇ ਸਾਰੇ ਬਿਜਲੀ ਦੇ ਉਪਕਰਣ ਵੀ ਖਰਾਬ ਹੋ ਗਏ। ਕਿਸਾਨ ਨੇ ਮੱਝਾਂ ਦੀ ਕੀਮਤ ਦੋ ਲੱਖ ਰੁਪਏ ਦੇ ਕਰੀਬ ਦੱਸੀ ਹੈ ਅਤੇ ਕਿਹਾ ਹੈ ਕਿ ਮੱਝਾਂ ਦੇ ਮਰਨ ਨਾਲ ਉਸਨੂੰ ਦੁਗਣੀ ਮਾਰ ਪਈ ਹੈ ਕਿਉਕਿ ਉਸਨੂੰ ਮੱਝਾਂ ਹੋਰ ਖਰੀਦਣੀਆ ਪੈਣਗੀਆਂ। ਪਿੰਡ ਦੀ ਪੰਚਾਇਤ ਅਤੇ ਕਿਸਾਨਾਂ ਨੇ ਉਕਤ ਕਿਸਾਨ ਨੂੰ ਨੁਕਸਾਨ ਦਾ ਮੁਆਵਜਾ ਦੇਣ ਦੀ ਮੰਗ ਕੀਤੀ ਹੈ।






# ਬਿਜਲੀ ਬੋਰਡ ਦੇ ਇੰਜੀਨੀਅਰਾਂ ਵੱਲੋਂ 8 ਸਤੰਬਰ ਦੀ ਪਟਿਆਲਾ ਰੈਲੀ ਵਿੱਚ ਸ਼ਮੂਲੀਅਤ ਦਾ ਐਲਾਨ

**ਪਟਿਆਲਾ/ਜਗਦੀਸ ਰਾਈਕਾ**

ਕੌਂਸਲ ਆਫ ਡਿਪਲੋਮਾ ਇੰਜੀਨੀਅਰ ਪੰਜਾਬ ਦੇ ਬੈਨਰ ਹੇਠ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਿਸ਼ਾਂ ਦੇ ਵਿਰੋਧ ਵਿੱਚ ਪਟਿਆਲਾ ਵਿਖੇ 8 ਸਤੰਬਰ ਨੂੰ ਹੋ ਰਹੀ ਰੈਲੀ ਵਿੱਚ ਬਿਜਲੀ ਬੋਰਡ ਦੇ ਇੰਜੀਨੀਅਰਾਂ ਨੇ ਵੀ ਸ਼ਮੂਲੀਅਤ ਦਾ ਐਲਾਨ ਕੀਤਾ ਹੈ।ਇਸ ਸਬੰਧੀ ਅੱਜ ਮੁੱਖ ਦਫਤਰ ਨਾਭਾ ਰੋਡ ਵਿਖੇ ਕੌਂਸਲ ਦੇ ਚੇਅਰਮੈਨ ਇੰਜ: ਸੁਖਮਿੰਦਰ ਸਿੰਘ ਲਵਲੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਬਿਜਲੀ ਬੋਰਡ ਇੰਜੀਨੀਅਰ ਐਸੋਸੀਏਸ਼ਨ ਦੇ ਸਕੱਤਰ ਜਨਰਲ ਇੰਜ: ਦਵਿੰਦਰ ਸਿੰਘ ਅਤੇ ਇੰਜ: ਪਰਮਜੀਤ ਸਿੰਘ ਖਟੜਾ ਨੇ ਆਪਣੀ ਟੀਮ ਸਮੇਤ ਪੁੱਜ ਕੇ ਸ਼ਮੂਲੀਅਤ ਦਾ ਐਲਾਨ ਕੀਤਾ। ਇਸ ਮੌਕੇ ਵੱਖ ਵੱਖ ਮਹਿਕਮਿਆਂ ਜਲ ਸਪਲਾਈ ਅਤੇ ਸੈਨੀਟੇਸ਼ਨ, ਭਵਨ ਤੇ ਮਾਰਗ ਸ਼ਾਖਾ, ਸਿੰਚਾਈ ਵਿਭਾਗ, ਮੰਡੀ ਬੋਰਡ, ਪੰਚਾਇਤੀ ਰਾਜ, ਸੀਵਰੇਜ ਬੋਰਡ, ਪੁੱਡਾ ਆਦਿ ਦੇ ਆਗੂਆਂ ਨੂੰ ਸੰਬੋਧਨ ਕਰਦਿਆਂ ਸੂਬਾਈ ਚੇਅਰਮੈਨ ਸਾਥੀ ਇੰਜ: ਸੁਖਮਿੰਦਰ ਸਿੰਘ ਨੇ ਕਿਹਾ ਕਿ 8 ਸਤੰਬਰ ਦੀ ਰੈਲੀ ਨੂੰ ਆਲ ਇੰਡੀਆ ਫੈਡਰੇਸ਼ਨ ਦੇ ਕੌਮੀ ਜਨਰਲ ਸਕੱਤਰ ਇੰਜ: ਮੋਹਨ ਰਾਜਵੰਤੀ ਸੰਬੋਧਨ ਕਰਨਗੇ।ਕੌਂਸਲ ਦੇ ਬੁਲਾਰੇ ਇੰਜ: ਕਰਮਜੀਤ ਸਿੰਘ ਬੀਹਲਾ ਅਤੇ ਇੰਜ: ਕਮਰਜੀਤ ਸਿੰਘ ਮਾਨ ਨੇ ਕਿਹਾ ਕਿ ਰੈਲੀ ਵਿੱਚ ਸ਼ਾਮਲ ਹੋਣ ਲਈ ਇਕੱਲੇ ਪੰਜਾਬ ਵਿੱਚੋਂ ਹੀ ਨਹੀਂ ਸਗੋਂ ਹਰਿਆਣਾ, ਹਿਮਾਚਲ, ਚੰਡੀਗੜ੍ਹ ਅਤੇ ਜੰਮੂ ਕਸ਼ਮੀਰ ਤੋਂ ਵੀ ਸੈਂਕੜੇ ਇੰਜ: ਸ਼ਾਮਿਲ ਹੋਣਗੇ।ਸੂਬਾਈ ਆਗੂਆਂ ਇੰਜ: ਦਵਿੰਦਰ ਸਿੰਘ ਸੇਖੋਂ, ਇੰਜ: ਵਿਵੇਕ ਵਸ਼ਿਸ਼ਟ, ਇੰਜ: ਦਸ਼ਰਥ (ਥੀਮ ਡੈਮ) ਅਤੇ ਇੰਜ: ਕੁਲਜੀਤ ਸਿੰਘ ਪਟਿਆਲਾ ਨੇ ਕਿਹਾ ਕਿ ਪੁੱਡਾ ਗਰਾਊਂਡ ਵਿੱਚ ਰੈਲੀ ਕਰਨ ਉਪਰੰਤ ਮੁੱਖ ਮੰਤਰੀ ਨਿਵਾਸ ਵੱਲ ਮਾਰਚ ਕੀਤਾ ਜਾਵੇਗਾ ਅਤੇ ਮੈਮੋਰੰਡਮ ਦਿੱਤਾ ਜਾਵੇਗਾ। ਇਸ ਦੌਰਾਨ ਹਜਾਰਾਂ ਇੰਜੀਨੀਅਰ ਬਿਜਲੀ ਬੋਰਡ ਦੇ ਮੁੱਖ ਦਫਤਰ ਵਿਖੇ ਮੈਨੇਜਮੈਂਟ ਨੂੰ ਵੀ ਮੈਮੋਰੰਡਮ ਦੇਣਗੇ। ਸੂਬਾਈ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਦੋ ਧਿਰੀ ਗੱਲਬਾਤ ਰਾਹੀਂ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਹੋਰਨਾਂ ਤੋਂ ਇਲਾਵਾ ਇੰਜ: ਕਰਮਜੀਤ ਸਿੰਘ ਖੋਖਰ, ਇੰਜ: ਹਰਸ਼ਰਨ ਸਿੰਘ (ਸੀਵਰੇਜ), ਇੰਜ: ਸਿਧਾਰਥ ਕੁਮਾਰ (ਪੰਚਾਇਤੀ ਰਾਜ) ਆਦਿ ਹਾਜਰ ਸਨ।

# ਪ੍ਰਿੰਸੀਪਲ ਸਟਾਫ ਅਤੇ ਵਿਦਿਆਰਥੀਆਂ ਨੇ ਸਿਖੇ ਸੀਪੀਆਰ ਜਿੰਦਗੀ ਬਚਾਓ ਗੁਰ



**ਪਟਿਆਲਾ/ਜਗਦੀਸ ਰਾਈਕਾ**

ਪਟਿਆਲਾ ਦੇ ਮਸ਼ਹੂਰ ਹਰ ਖੇਤਰ ਵਿੱਚ ਚੰਗੀਆ ਪ੍ਰਾਪਤੀਆਂ ਕਰਨ ਵਾਲੇ ਆਰੀਆ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਦੇ ਪ੍ਰਿੰਸੀਪਲ ਵਲੋ ਅਧਿਆਪਕ ਦਿਵਸ ਦੇ ਸਬੰਧ ਵਿੱਚ ਸਟਾਫ ਮੈਬਰਾਂ ਅਤੇ ਵਿਦਿਆਰਥੀਆਂ ਨੂੰ ਸੀਪੀਆਰ ਦੀ ਜਿੰਦਗੀ ਬਚਾਉਣ ਦੀ ਟਰੇਨਿੰਗ ਕਰਵਾਉਣ ਲਈ ਸ੍ਰੀ ਕਾਕਾ ਰਾਮ ਵਰਮਾ ਸਾਬਕਾ ਜਿਲ੍ਹਾ ਟਰੇਨਿੰਗ ਅਫਸਰ ਰੈਡ ਕਰਾਸ ਨੂੰ ਬੁਲਾਕੇ ਪ੍ਰੋਗਰਾਮ ਕਰਵਾਇਆ।ਸ੍ਰੀਮਤੀ ਸੰਤੋਸ਼ ਗੋਇਲ ਨੇ ਦੱਸਿਆ ਕਿ ਹਰ ਰੋਜ ਹਜਾਰਾਂ ਵਿਅਕਤੀ ਦਿਲ ਦੇ ਦੌਰੇ ਕਾਰਨ ਬੇਹੋਸ਼ ਹੋ ਕੇ ਘਰਾਂ ਕੰਮ ਵਾਲੀਆ ਥਾਵਾਂ ਤੇ ਡਿਗਦੇ ਰਹਿੰਦੇ ਹਨ ਪਰ ਮਦਦਗਾਰਾ ਨੂੰ ਫਸਟ ਏਡ ਸੀਪੀਆਰ ਦੀ ਟ੍ਰੇਨਿੰਗ ਨਾ ਹੋਣ ਕਾਰਨ ਪੀੜਤਾਂ ਦੀ ਠੀਕ ਫਸਟ ਏਡ ਨਾ ਹੋਣ ਕਰਕੇ ਮੋਤਾ ਹੋ ਰਹੀਆ ਹਨ। ਸ੍ਰੀ ਕਾਕਾ ਰਾਮ ਵਰਮਾ ਨੇ ਦੱਸਿਆ ਕਿ ਫੇਫੜਿਆਂ ,ਦਿਲ ਦਿਮਾਗ ਨੂੰ ਆਕਸੀਜਨ ਅਤੇ ਗੁਲੂਕੋਸ ਦੀ ਕਮੀ ਕਰਕੇ ਇਨਸਾਨ ਦੀ 5/10 ਮਿੰਟਾਂ ਵਿੱਚ ਮੌਤ ਹੋ ਸਕਦੀ ਹੈ ਪਰ ਸਾਹ ਬੰਦ ਹੋਣ, ਦਿਲ ਰੁਕਣ ਸਮੇਂ ਜੇਕਰ ਮਦਦਗਾਰ ਰਿਕਵਰੀ ਪੋਜਿਸਨ ਸੀਪੀਆਰ ਵੈਂਟੀਲੇਟਰ ਬਨਾਉਟੀ ਸਾਹ ਕਿਰਿਆ ਕਰ ਦੇਣ ਤਾ ਪੀੜਤ ਨੂੰ ਮਰਨ ਤੋ ਬਚਾਇਆ ਜਾ ਸਕਦਾ ਹੈ।ਸ੍ਰੀ ਕਾਕਾ ਰਾਮ ਵਰਮਾ ਨੇ ਦੱਸਿਆ ਕਿ ਹਸਪਤਾਲਾਂ ਵਿਖੇ ਵੀ ਡਾਕਟਰ ਨਰਸਾਂ ਅਜਿਹੇ ਪੀੜਤ ਨੂੰ ਸੀਪੀਆਰ ਕਰਕੇ ਮਰਨ ਤੋ ਬਚਾ ਰਹੇ ਹਨ।ਪ੍ਰਿੰਸੀਪਲ ਮੈਡਮ ਸੰਤੋਸ ਗੋਇਲ ਨੇ ਕਿਹਾ ਕਿ ਪੰਜਾਬ ਪਟਿਆਲਾ ਵਿਖੇ ਸ੍ਰੀ ਕਾਕਾ ਰਾਮ ਵਰਮਾ ਜੀ ਸੀਨੀਅਰ ਸਿਟੀਜਨ ਨੇ ਰੈਡ ਕਰਾਸ ਸੈਂਟ ਜੋਹਨ ਐਬੂਲੈਸ ਫਸਟ ਏਡ ਸੀਪੀਆਰ ਫਾਇਰ ਸੇਫਟੀ ਸਿਵਲ ਡਿਫੈਂਸ ਆਫਤ ਪ੍ਰਬੰਧਨ ਟ੍ਰੇਨਿੰਗ ਨੂੰ ਜਿਉਂਦਾ ਰੱਖਣ ਲਈ ਜੰਗੀ ਪੱਧਰ ਤੇ ਹਰਰੋਜ ਯਤਨ ਕੀਤੇ ਜਾ ਰਹੇ ਹਨ। ਸਕੂਲ ਵਲੋ ਸ੍ਰੀ ਕਾਕਾ ਰਾਮ ਵਰਮਾ ਨੇ ਜਿੰਦਗੀ ਬਚਾਉਣ ਵਾਲੇ ਅਧਿਆਪਕ ਦਾ ਸਨਮਾਨ ਦਿੱਤਾ ਗਿਆ।

# ਕੈਪਟਨ ਸਰਕਾਰ ਨੇ ਧਾਰਿਆ ਹਿਟਲਰ ਦਾ ਰੂਪ

**ਮੋਗਾ/ਧਰਮਕੋਟ,ਦਵਿੰਦਰ ਸਿੰਘ ਬਿੱਟੂ**

ਧਰਮਕੋਟ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਮੋਗਾ ਵਿਖੇ ਕਿਸਾਨਾਂ ਉੱਪਰ ਹੋਏ ਲਾਠੀਚਾਰਜ ਦੀ ਸਖਤ ਸਬਦਾਂ ਵਿੱਚ ਨਿੰਦਿਆਂ ਕਰਦਿਆਂ ਕਿਹਾ ਕਿ ਇੱਕ ਪਾਸੇ ਤਾਂ ਕਿਸਾਨਾਂ ਨੂੰ ਦੇਸ ਦੀ ਅਰਥਵਿਵਸਥਾ ਦੀ ਰੀੜ ਦੀ ਹੱਡੀ ਕਿਹਾ ਜਾਂਦਾ ਹੈ ਅਤੇ ਅੰਨਦਾਤਾ ਦਾ ਦਰਜਾ ਦਿੱਤਾ ਗਿਆ ਪਰ ਦੂਜੇ ਪਾਸੇ ਦੇਸ ਭਰ ਦੇ ਕਿਸਾਨ ਆਵਦੇ ਹੱਕਾਂ ਖਾਤਰ ਦਿੱਲੀ ਦੀਆਂ ਬਰੂਹਾਂ ਉੱਪਰ ਡੇਰਾ ਲਾਈ ਬੈਠੇ ਹਨ ਪਰ ਸੈਂਟਰ ਦੀ ਗੂੰਗੀ ਬੋਲੀ ਸਰਕਾਰ ਤਾਨਾਸਾਹੀ ਦੀਆਂ ਹੱਦਾਂ ਪਾਰ ਕਰਦੇ ਹੋਏ ਕਿਸਾਨਾਂ ਜਾਇਜ ਮੰਗਾਂ ਨੂੰ ਅੱਖੋਂ ਪਰੋਖੇ ਕਰ ਰਹੀ ਹੈ ।ਓਹਨਾਂ ਕਿਹਾ ਮੋਗੇ ਵਿੱਚ ਕਿਸਾਨ ਭਰਾ ਸਾਂਤਮਈ ਢੰਗ ਨਾਲ ਸੁਖਬੀਰ ਸਿੰਘ ਬਾਦਲ ਖਿਲਾਫ ਆਵਦਾ ਰੋਸ ਪ੍ਰਦਰਸਨ ਕਰਨਾ ਚਾਹੁੰਦੇ ਹਨ ਪਰ ਕੈਪਟਨ ਸਰਕਾਰ ਦੇ ਹਿਟਲਰੀ ਹੁਕਮਾਂ ਉੱਪਰ ਪੰਜਾਬ ਪੁਲਿਸ ਵੱਲੋਂ ਓਹਨਾਂ ਉੱਪਰ ਅੰਨੇਵਾਹ ਲਾਠੀਚਾਰਜ ਕੀਤਾ ਜਾਂਦਾ ਹੈ ਜਿਸ ਵਿੱਚ ਕਾਫੀ ਕਿਸਾਨ ਵੀਰ ਜਖਮੀ ਹੋ ਜਾਂਦੇ ਹਨ ਓਹਨਾਂ ਕਿਹਾ ਕੇ ਕੈਪਟਨ ਸਰਕਾਰ ਦੀ ਇਸ ਘਿਣੌਨੀ ਹਰਕਤ ਨੇ ਇਹ ਸਾਬਤ ਕਰ ਦਿੱਤਾ ਹੈ ਕੇ ਕਾਂਗਰਸ ਅਤੇ ਅਕਾਲੀ ਦਲ ਵਿੱਚੋ ਇੱਕੋ ਹੀ ਹਨ ਬਸ ਉਪਰੋਂ ਇੱਕ ਦੂਜੇ ਖਿਲਾਫ ਫੋਕੀ ਬਿਆਨਬਾਜੀ ਕਰਦੇ ਹਨ। ਓਹਨਾਂ ਇਹ ਭਰੋਸਾ ਦਿੰਦੇ ਹੋਏ ਕਿਹਾ ਕੇ ਆਮ ਆਦਮੀ ਪਾਰਟੀ ਹਮੇਸਾ ਕਿਸਾਨਾਂ ਦੇ ਹੱਕ ਵਿੱਚ ਖੜਦੀ ਆਈ ਹੈ ਤੇ ਹਮੇਸਾ ਖੜਦੀ ਰਹੇਗੀ।



# ਮੋਗਾ ’ਚ ਕਿਸਾਨਾਂ ’ਤੇ ਲਾਠੀਚਾਰਜ ਨੂੰ ਨਵਦੀਪ ਸੰਘਾ ਨੇ ਕਿਹਾ, ‘ਲੋਕਾਂ ਦੇ ਮੂਲ ਅਧਿਕਾਰ ’ਤੇ ਹਮਲਾ’

- ■ ਮੋਗਾ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਰੈਲੀ ‘ਗੱਲ ਪੰਜਾਬ ਦੀ’ ਦਾ ਵਿਰੋਧ

**ਮੋਗਾ/ਦਵਿੰਦਰ ਸਿੰਘ ਬਿੱਟੂ**

ਅੱਜ ਮੋਗਾ ਦਾਣਾ ਮੰਡੀ ਵਿੱਚ ਰੱਖੇ ਗਏ ਸ੍ਰੋਮਣੀ ਅਕਾਲੀ ਦਲ ਦੇ ਪ੍ਰੋਗਰਾਮ ਗੱਲ ਪੰਜਾਬ ਦੀ ਦਾ ਕਿਸਾਨ ਜਥੇਬੰਦੀਆਂ ਵੱਲੋਂ ਬਹੁਤ ਭਰਵਾਂ ਵਿਰੋਧ ਹੋਇਆ ਇਸ ਵਿਰੋਧ ਵਿੱਚ ਪੁਲੀਸ ਵੱਲੋਂ ਕਿਸਾਨ ਨੂੰ ਰੋਕਣ ਲਈ ਜਲ ਤੋਪਾਂ ਦਾ ਸਹਾਰਾ ਲਿਆ ਗਿਆ ਕਿਸਾਨਾਂ ਉੱਤੇ ਲਾਠੀ ਚਾਰਜ ਵੀ ਕੀਤਾ ਗਿਆ।ਮੈਂ ਨਵਦੀਪ ਸੰਘਾ ਹਲਕਾ ਇੰਚਾਰਜ ਅਤੇ ਬੁਲਾਰਾ ਆਮ ਆਦਮੀ ਪਾਰਟੀ ਹਲਕਾ ਮੋਗਾ ਪੁਰਜੋਰ ਇਸ ਲਾਠੀ ਚਾਰਜ ਦਾ ਵਿਰੋਧ ਕਰਦਾ ਹਾਂ। ਜਦੋਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਹਰ ਰਾਜਨੀਤਿਕ ਪਾਰਟੀ ਨੂੰ ਹਦਾਇਤ ਕੀਤੀ ਗਈ ਹੈ ਕਿ ਕੋਈ ਵੀ ਰੈਲੀ ਜਾਂ ਵੱਡਾ ਇਕੱਠ ਨਾਂ ਕੀਤੀ ਜਾਵੇ। ਤਿੰਨ ਕਾਨੂੰਨਾਂ ਨੂੰ ਲੈਕੇ ਪਿੰਡਾਂ ਵਿੱਚ ਅਤੇ ਹਰ ਪੰਜਾਬੀ ਕਿਸਾਨ, ਖੇਤ ਮਜਦੂਰ, ਮਜਦੂਰ ਹਰ ਵਰਗ ਇਸ ਦਾ ਵਿਰੋਧ ਕਰ ਰਿਹਾ ਹੈ। ਅਜਿਹਾ ਵਿਰੋਧ ਉਸ ਵਿਰੋਧ ਨੂੰ ਨਜਰ ਅੰਦਾਜ ਕਰਕੇ ਰੈਲੀ ਕਰਨਾ ਹਾਲੇ ਚੋਣਾਂ ਨੀ ਬਹੁਤ ਸਮਾਂ ਪਿਆ ਹੈ ਲੋਕਾਂ ਦੇ ਅਤੇ ਕਿਸਾਨਾਂ ਦੀ ਮੰਗ ਨੂੰ ਦੇਖਦੇ ਹੋਏ ਸੁਖਬੀਰ ਬਾਦਲ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਹੋਵੇ ਜਾਂ ਅਕਾਲੀ ਦਲ ਦਾ ਕੋਈ ਹੋਰ ਲੀਡਰ ਇਹਨਾਂ ਨੂੰ ਕਿਸਾਨਾਂ ਦੇ ਅਤੇ ਸੰਯੁਕਤ ਕਿਸਾਨ ਮੋਰਚੇ ਦੀ ਭਾਵਨਾ ਦੀ ਕਦਰ ਕਰਨੀ ਚਾਹੀਦੀ ਹੈ।

ਉਨ੍ਹਾਂ ਕਿਹਾ, “ਕਿਸਾਨਾਂ ਖਿਲਾਫ ਕੀਤੀ ਗਈ ਕਾਰਵਾਈ ਭਾਰਤੀਆਂ ਦੇ ਉਸ ਮੂਲ ਅਧਿਕਾਰ ’ਤੇ ਹਮਲਾ ਹੈ ਜੋ ਕਈ ਕੁਰਬਾਨੀਆਂ ਤੋਂ ਬਾਅਦ ਹਾਸਲ ਕੀਤਾ ਗਿਆ ਹੈ। ਇਹ ਸੰਵਿਧਾਨ ਦੀ ਭਾਵਨਾ ’ਤੇ ਵੀ ਸਿੱਧਾ ਹਮਲਾ ਹੈ।” ਮੈਂ ਫਿਰ ਦੁਹਰਾਉਣਾ ਚਾਹੁੰਦਾ ਹਾਂ ਕਿ ਕਿਸਾਨਾਂ ਉੱਤੇ ਕੀਤੇ ਗਏ ਲਾਠੀ ਚਾਰਜ ਦੀ ਮੈਂ ਨਿੰਦਾ ਕਰਦਾ ਹਾਂ।



# ਕੈਪਟਨ ਅਮਰਿੰਦਰ ਸਿੰਘ ਨੇ ਗੰਨੇ ਦਾ ਭਾਅ ਵਧਾ ਕੇ ਕਿਸਾਨਾਂ ਦਾ ਦਿੱਲ ਜਿੱਤਿਆ : ਵਿੱਕੀ ਕਾਠਾ

**ਪਠਾਨਕੋਟ/ਸੁੱਖਵਿੰਦਰ ਜੰਡੀਰ**

ਪੰਜਾਬ ਸਰਕਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਗੰਨੇ ਦਾ ਰੇਟ 360 ਰੁਪਏ ਪ੍ਰਤੀ ਕੁਇੰਟਲ ਕਰਕੇ ਪੰਜਾਬ ਕਿਸਾਨਾਂ ਦਾ ਦਿਲ ਜਿੱਤਿਆ ਹੈ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਰਾਹੁਲ ਗਾਂਧੀ ਬਰਗ੍ਰੇਡ ਪੰਜਾਬ ਹਿਮਾਚਲ ਦੇ ਪ੍ਰਧਾਨ ਡਾਕਟਰ ਵਿਕੀ ਕਾਠਾ ਨੇ ਕੀਤਾ, ਇਸ ਮੌਕੇ ਤੇ ਡਾਕਟਰ ਵਿਕੀ ਕਾਠਾ ਨੇ ਕਿਹਾ ਕੀ ਸਰਕਾਰ ਦੇ ਇਸ ਐਲਾਨ ਦੇ ਨਾਲ ਪੰਜਾਬੀ ਗੱਨੇ ਦੇ ਭਾਅ ਸਭ ਤੋਂ ਜਿਆਦਾ ਦੇਣ ਵਾਲਾ ਭਾਰਤ ਦਾ ਪੰਜਾਬ ਪਹਿਲਾ ਸੂਬਾ ਬਣ ਗਿਆ ਹੈ, ਉਨ੍ਹਾਂ ਨੇ ਕਿਸਾਨਾਂ ਨੂੰ ਵਧਾਈ ਦਿੰਦਿਆਂ ਹੋਇਆਂ ਕਿਹਾ ਕਿ, ਕਿਸਾਨਾਂ ਨੂੰ ਇਸੇ ਤਰ੍ਹਾਂ ਏਕਤਾ ਬਣਾ ਕੇ ਰੱਖਣੀ ਚਾਹੀਦੀ ਹੈ ਤਾਂ ਕਿ ਸੈਂਟਰ ਸਰਕਾਰ ਵੱਲੋਂ ਲਾਗੂ ਕੀਤੇ ਹੋਏ ਕਾਲੇ ਕਨੂੰਨਾਂ ਨੂੰ ਵੀ ਜਲਦੀ ਰੱਦ ਕਰਵਾਇਆ ਜਾਵੇ, ਵਿਕੀ ਕਾਠਾ ਨੇ ਇਹ ਵੀ ਕਿਹਾ ਕਿ ਖੱਟਰ ਸਰਕਾਰ ਵੱਲੋਂ ਜੋ ਕਿਸਾਨਾ ਤੇ ਲਾਠੀਚਾਰਜ ਕੀਤਾ ਗਿਆ ਹੈ ਹੈ ਪੂਰੀ ਤਰ੍ਹਾਂ ਨਾਲ ਕਿਸਾਨ ਵਿਰੋਧੀ ਸਾਬਤ ਕਰਦਾ ਹੈ।



# ਜੀਰਕਪੁਰ ਦੀ ਵੀ ਆਈ ਪੀ ਸੜਕ ਤੋਂ ਦਿਨ ਦਿਹਾੜੇ ਠੇਕੇਦਾਰ ਅਗਵਾ

**ਜੀਰਕਪੁਰ/ਰਵੀ ਜੀਰਕਪੁਰ :** ਜੀਰਕਪੁਰ ਦੀ ਅਤੀ ਭੀੜ ਵਾਲੀ ਵੀ ਆਈ ਪੀ ਸੜਕ ਤੋਂ ਕਾਰ ਸਵਾਰ ਚਾਰ ਅਗਵਾਕਾਰ ਇੱਕ ਬਿਲਡਿੰਗ ਠੇਕੇਦਾਰ ਨੂੰ ਅਗਵਾ ਕਰਕੇ ਲੈ ਗਏ ਖੇਤਰ ਵਿੱਚ ਵਿਅਕਤੀ ਦੇ ਅਗਵਾ ਹੋਣ ਦੀ ਸੂਚਨਾ ਨੇ ਹੜਕੰਪ ਮਚਾ ਦਿੱਤਾ ਜਿਸ ਤੋਂ ਬਾਅਦ ਹਰਕਤ ਵਿੱਚ ਆਈ ਪੁਲਿਸ ਨੇ ਕੁਝ ਹੀ ਘੰਟਿਆਂ ਵਿੱਚ ਚਾਰ ਅਗਵਾਕਾਰਾਂ ਦੇ ਚੁੰਗਲ ਤੋਂ ਠੇਕੇਦਾਰ ਨੂੰ ਛੁਡਵਾ ਕੇ ਅਗਵਾਕਾਰਾਂ ਨੂੰ ਕਾਬੂ ਕਰ ਲਿਆ ਹੈ ਪੁਲਿਸ ਨੇ ਉਨ ਾਂ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਅਜੇ ਕੁਮਾਰ ਪੁੱਤਰ ਅਜਬਦੇਵ ਵਾਸੀ ਮੋਤੀਹਾਰੀ ਬਿਹਾਰ ਹਾਲ ਵਾਸੀ ਡੇਰਾਬਸੀ ਨੇ ਦਸਿਆ ਕਿ ਉਸ ਦਾ ਭਰਾ ਅਮੋਦ ਕੁਮਾਰ ਜੀਰਕਪੁਰ ਖੇਤਰ ਵਿੱਚ ਬਿਲਡਿੰਗ ਠੇਕੇਦਾਰ ਵਜੋਂ ਕੰਮ ਕਰਦਾ ਹੈ ਉਸ ਨੇ ਦਸਿਆ ਕਿ ਅੱਜ ਦਿਨਦਿਹਾੜੇ ਜਦੋਂ ਉਸ ਦਾ ਭਰਾ ਅਮੋਦ ਕੁਮਾਰ ਵੀ ਆਈ ਪੀ ਸੜਕ ਤੇ ਮਿਲਟਨ ਟਾਵਰ ਕੋਲ ਇੱਕ ਉਸਾਰੀ ਅਧੀਨ ਇਮਾਰਤ ਦਾ ਕੰਮ ਦੀ ਉਸਾਰੀ ਕਰਵਾ ਰਿਹਾ ਸੀ ਤਾਂ ਇੱਕ ਕਾਰ ਵਿੱਚ ਆਏ ਚਾਰ ਅਗਵਾਕਾਰਾਂ ਨੇ ਉਸ ਦੇ ਭਰਾ ਨੂੰ ਜਬਰਦਸਤੀ ਕਾਰ ਵਿੱਚ ਸੁੱਟ ਲਿਆ ਅਤੇ ਉਸ ਨੂੰ ਅਗਵਾ ਕਰਕੇ ਮੌਕੇ ਤੋਂ ਫਰਾਰ ਹੋ ਗਏ ਖੇਤਰ ਵਿੱਚ ਅਗਵਾ ਦੀ ਸੂਚਨਾ ਮਿਲਣ ਤੇ ਜੀਰਕਪੁਰ ਪੁਲਿਸ ਨੇ ਹਰਕਤ ਵਿੱਚ ਆਉਂਦਿਆ ਅਮੋਦ ਕੁਮਾਰ ਦੀ ਭਾਲ ਆਰੰਭ ਕਰ ਦਿੱਤੀ ਜੀਰਕਪੁਰ ਥਾਣਾ ਮੁਖੀ ਓਂਕਾਰ ਸਿੰਘ ਬਰਾੜ ਨੇ ਦਸਿਆ ਕਿ ਉਨ ਾਂ ਵਲੋਂ ਸੱਬ ਇੰਸਪੈਕਟਰ ਬਲਵਿੰਦਰ ਸਿੰਘ ਦੀ ਅਗਵਾਈ ਵਿੱਚ ਗਠਿਤ ਕੀਤੀ ਟੀਮ ਜਦੋਂ ਲੋਹਗੜ ਸੜਕ ਤੇ ਪਿੰਡ ਕੋਲ ਸ਼ਟਰਿੰਗ ਸਟੋਰ ਕੋਲ ਪੁੱਜੀ ਤਾਂ ਉਨ ਾਂ ਨੂੰ ਅਮੋਦ ਕੁਮਾਰ ਦੇ ਉੱਥੇ ਬੰਦੀ ਬਣਾ ਕੇ ਰੱਖਣ ਦੀ ਸੂਚਨਾ ਮਿਲੀ ਜਿਸ ਤੇ ਪੁਲਿਸ ਨੇ ਅਮੋਦ ਕੁਮਾਰ ਨੂੰ ਅਗਵਾਕਾਰਾਂ ਦੇ ਚੁੰਗਲ ਤੋਂ ਛੁਡਵਾ ਲਿਆ ਪੁਲਿਸ ਨੇ ਅਗਵਾ ਲਈ ਵਰਤੀ ਗਈ ਕਾਰ ਬਰਾਮਦ ਕਰ ਲਈ ਹੈ ਅਤੇ ਚਾਰ ਅਗਵਾਕਾਰ ਵੀ ਗ੍ਰਿਫਤਾਰ ਕੀਤੇ ਹਨ ਪੁਲਿਸ ਵਲੋਂ ਕਾਬੂ ਕਥਿਤ ਅਗਵਾਕਾਰਾਂ ਦੀ ਪਛਾਣ ਸਾਲਿ ਕੁਮਾਰ ਪੁੱਤਰ ਬਲਕਾਰ ਸਿੰਗ ਵਾਸੀ ਸੈਕਟਰ 20 ਪੰਚਕੁਲਾ, ਗਰਗ ਸਟੀਲ ਲੋਹਗੜ ਦਾ ਮਾਲਕ ਅਮਨਦੀਪ ਗਰਗ, ਮੋਹਿਤ ਰਾਜਪੂਤ ਵਾਸੀ ਢਕੋਲੀ ਅਤੇ ਜੀਵਨ ਕੁਮਾਰ ਵਾਸੀ ਰੇਲ ਵਿਹਾਰ ਜੀਰਕਪੁਰ ਵਜੋਂ ਹੋਈ ਹੈ ਪੁਲਿਸ ਨੇ ਕਥਿਤ ਦੋਸ਼ੀਆ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ ਪੁਲਿਸ ਨੇ ਕਥਿਤ ਦੋਸੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਉਨ ਾ ਦਾ ਇੱਕ ਦਿਨ ਦਾ ਪੁਲਿਸ ਰਿਮਾਂਡ ਹਾਸਲ ਕਰ ਲਿਆ ਹੈ।

# ਖਜਾਨੇ 'ਚ ਖਜਾਨਚੀ ਨੀ ਹਸਪਤਾਲਾਂ 'ਚ ਡਾਕਟਰ ਨੀ ਤਹਿਸੀਲ ਦਫਤਰ 'ਚ ਤਹਿਸੀਲਦਾਰ ਨੀ ਵਿਧਾਇਕ ਕਹਿੰਦਾ ਹਲਕੇ 'ਚ ਵਿਕਾਸ ਜੋਰਾਂ ਤੇ : ਭੁੱਲਰ

**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਹਲਕੇ ਚ ਸਰਕਾਰੀ ਦਫਤਰਾਂ ਚ ਕਰਮਚਾਰੀਆ ਦੀ ਵੱਡੀ ਘਾਟ ਕਾਰਨ ਹਲਕਾ ਬਣਿਆ ਲਾਵਾਰਸ ਲੋਕ ਹੋ ਰਹੇ ਖੱਜਰ ਖੁਆਰ ਵਿਧਾਇਕ ਸੋਸਲ ਮੀਡੀਆ ਤੇ ਕਹਿੰਦਾ ਪੱਟੀ ਹਲਕੇ ਦਾ ਬਹੁਤ ਵਿਕਾਸ ਹੋ ਰਿਹਾ ਹਲਕੇ ਚ ਵਿਕਾਸ ਕਾਰਜ ਪੂਰੀ ਤਰ੍ਹਾਂ ਠੱਪ ਇਹਨਾ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤੇ ਜਿਲਾ ਯੂਥ ਪ੍ਰਧਾਨ ਲਾਲਜੀਤ ਸਿੰਘ ਭੁੱਲਰ ਨੇ ਚੋਣਵੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਾਂਗਰਸ ਸਰਕਾਰ ਤੇ ਤੱਜ ਕੱਸਦਿਆ ਆਖਿਆ ਕਿ ਪੱਟੀ ਦੇ ਹਲਕਾ ਵਿਧਾਇਕ ਵੱਲੋ ਸੋਸਲ ਮੀਡੀਆ ਤੋ ਪੱਟੀ ਹਲਕੇ ਚ ਹੋਏ ਵਿਕਾਸ ਦੇ ਵੱਡੇ ਵੱਡੇ ਦਾਅਵੇ ਕੀਤੇ ਜਾ ਰਹੇ ਹਲਾਤ ਏਨੇ ਬੁਰੇ ਕਿ ਦਫਤਰ ਤਹਿਸੀਲਦਾਰ ਚ ਮਈ ਮਹੀਨੇ ਚ ਸਰਬਜੀਤ ਸਿੰਘ ਥਿੰਦ ਦੀ ਬਦਲੀ ਹੋਣ ਤੋ ਬਾਅਦ ਕਿਸੇ ਤਹਿਸੀਲਦਾਰ ਦੀ ਪੱਟੀ ਚ ਨਵੀ ਨਿਯੁਕਤੀ ਨਹੀ ਹੋਈ ਹਰ ਰੋਜ ਕਿਸਾਨ ਤੇ ਆਮ ਲੋਕ ਕੰਮ ਕਾਜ ਕਰਵਾਉਣ ਖੱਜਲ ਖੁਆਰ ਹੋ ਰਹੇ ਪੱਟੀ ਦੇ ਸਰਕਾਰੀ ਹਸਪਤਾਲ ਕਈ ਮਹੀਨਿਆ ਤੋ ਲੇਡੀਜ ਡਾਕਟਰ ਸਮੇਤ ਕਈ ਵੱਡੇ ਡਾਕਟਰਾਂ ਦੀ ਘਾਟ ਨਾਲ ਜੂਝ ਰਿਹਾ ਆਪਣਾ ਇਲਾਜ ਕਰਵਾਉਣ ਪੱਟੀ ਤੋ ਖੱਜਲ ਖੁਆਰ ਹੋ ਕੇ ਤਰਨਤਾਰਨ ਜਾਣਾ ਪੈਦਾ ਹੈ ਪੱਟੀ ਖਜਾਨਾ ਦਫਤਰ ਦੇ ਖਜਾਨਚੀ ਦੀ ਬਦਲੀ ਜਿਲਾ ਖਜਾਨਾ ਦਫਤਰ ਚ ਹੋਣ ਕਾਰਨ ਖਜਾਨਾ ਦਫਤਰ ਖਜਾਨਚੀ ਨੂੰ ਤਰਸ ਰਿਹਾ ਜਿਕਰਯੋਗ ਹੈ ਪੱਟੀ ਦੇ ਖਜਾਨੇ ਤੋ ਭਿੱਖੀਵਿੰਡ, ਖੇਮਕਰਨ, ਹਰੀਕੇ, ਪੱਟੀ ਦੇ ਅਸਟਾਮ ਫਰੋਸ਼ਾਂ ਨੂੰ ਅਸਟਾਮ ਕੋਰਟ ਫੀਸ, ਰਸੀਦੀ ਟਿਕਟਾਂ ਆਦਿ ਮਿਲਦੀਆ ਸਨ ਖਜਾਨਚੀ ਨਾ ਹੋਣ ਕਾਰਨ ਪੱਟੀ ਖਜਾਨਾ ਬੰਦ ਹੋਣ ਕਾਰਨ ਜਿਲਾ ਖਜਾਨਾ ਦਫਤਰ ਦੇ ਚੱਕਰ ਲਗਾਉਣੇ ਪੈ ਰਹੇ ਇਸ ਤੋ ਇਲਾਵਾ ਹੋਰ ਮਾਲ ਮਹਿਕਮੇ ਨਾਲ ਸਬੰਧਤ ਕੰਮ ਕਾਜ ਕਰਵਾਉਣ ਵਾਲੇ ਲੋਕ ਖੱਜਲ ਖੁਆਰ ਰਹੇ ਪੱਟੀ ਹਲਕੇ ਦੇ ਬਹੁਤੇ ਸਰਕਾਰੀ ਦਫਤਰ ਅਧਿਕਾਰੀਆਂ ਦੀ ਵੱਡੀ ਘਾਟ ਨਾਲ ਜੂਝ ਰਹੇ ਹਲਕੇ ਚ ਲੁੱਟਾਂ ਖੋਹਾਂ ਚੋਰੀਆਂ ਡਕੈਤੀਆਂ ਗੁੰਡਾਗਰਦੀ ਦਾ ਨੰਗਾ ਨਾਚ ਹੋ ਗਰੀਬ ਲੋਕ ਥਾਣਿਆਂ ਚ ਇਨਸਾਫ ਲਈ ਭਟਕ ਰਹੇ ਹਲਕਾ ਵਿਧਾਇਕ ਵੱਲੋ ਪੱਟੀ ਹਲਕੇ ਚ ਵਿਕਾਸ ਨੂੰ ਲੈ ਕੇ ਸੋਸਲ ਮੀਡੀਆ ਤੇ ਵੱਡੇ ਵੱਡੇ ਦਾਅਵੇ ਕੀਤੇ ਜਾ ਰਹੇ ਜਿਹੜੇ ਜਮੀਨ ਦੇ ਹਵਾਂ ਦਿਖਾਈ ਦੇ ਰਹੇ ਹਨ ਇਤਿਹਾਸ ਚ ਪਹਿਲੀ ਵਾਰੀ ਜਮੀਨੀ ਵਿਕਾਸ ਹੋਣ ਦੀ ਬਜਾਏ ਹਲਕੇ ਦਾ ਵਿਕਾਸ ਸਿਰਫ ਸੋਸਲ ਮੀਡੀਆ ਤੇ ਹੋਇਆ। ਜੇਕਰ ਗਲੀਆ ਨਾਲੀਆ ਤੇ ਸੜਕਾਂ ਦੇ ਵਿਕਾਸ ਦੀ ਗੱਲ ਕਰੀਏ ਤਾ ਪੱਟੀ ਹਲਕੇ ਸੀਵਰੇਜ ਪਾਉਣ ਦੀ ਆੜ ਚ ਚੰਗੀਆ ਵਧੀਆ ਸੜਕਾਂ ਤੇ ਗਲੀਆ ਨੂੰ ਪੁੱਟ ਕੇ ਬਰਬਾਦ ਕੀਤਾ ਗਿਆ ਕੱਚੀਆ ਗਲੀਆ ਚ ਪਾਣੀ ਖੜਾ ਹੋਣ ਕਾਰਨ ਲੋਕ ਨਰਕਭਰੀ ਜਿੰਦਗੀ ਜੀਣ ਨੂੰ ਮਜਬੂਰ ਹਲਕੇ ਦੇ ਸਾਰੇ ਪਿੰਡਾਂ ਚ ਵਿਕਾਸ ਤਾ ਸ਼ਾਇਦ ਨਹੀ ਹੋਇਆ ਬਲਕਿ ਵਿਕਾਸ ਦੀ ਆੜ ਚ ਵਿਨਾਸ਼ ਜਰੂਰ ਕੀਤਾ । ਭੁੱਲਰ ਨੇ ਆਖਿਆ ਕਿ ਹਲਕੇ ਦੇ ਲੋਕ ਰਵਾਇਤੀ ਪਾਰਟੀਆ ਤੋ ਬੁਰੀ ਤਰ੍ਹਾਂ ਅੱਕੇ ਹੋਏ ਆਮ ਆਦਮੀ ਪਾਰਟੀ ਚ ਸ਼ਾਮਲ ਹੋ ਸੂਬੇ ਨੂੰ ਮੁੜ ਵਿਕਾਸ ਦੀਆਂ ਲੀਹਾਂ ਤੇ ਲਿਆਉਣ ਲਈ 2022 ਚ ਆਪ ਦੀ ਸਰਕਾਰ ਬਣਾਉਣ ਲਈ ਕਾਹਲੇ ਹਨ।



# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਭਾਸ਼ਣ ਮੁਕਾਬਲੇ ਕਰਵਾਏ



**ਪਟਿਆਲਾ/ਸਰਦਾਰਾ ਸਿੰਘ ਲਾਛੜੂ**

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਈਆਂ ਜਾ ਰਹੀਆਂ ਸਰਗਰਮੀਆਂ ਅਧੀਨ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਏ ਜਾ ਰਹੇ ਮੁਕਾਬਲਿਆਂ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਪੜ ਵਿਖੇ ਪ੍ਰਿੰ. ਅਮਨਦੀਪ ਕੌਰ ਸਿੱਧੂ ਦੀ ਅਗਵਾਈ 'ਚ ਭਾਸ਼ਣ ਮੁਕਾਬਲੇ ਕਰਵਾਏ ਗਏ। ਜਿਨ੍ਹਾਂ 'ਚ ਤਿੰਨ ਦਰਜਨ ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ। ਸ੍ਰੀਮਤੀ ਸੁਖਵਿੰਦਰ ਕੌਰ ਜ਼ਿਲ੍ਹਾ ਕੋਆਰਡੀਨੇਟਰ ਦੀ ਦੇਖ-ਰੇਖ 'ਚ ਹੋਏ ਇਨ੍ਹਾਂ ਮੁਕਾਬਲਿਆਂ 'ਚੋਂ ਸੰਜਨਾ ਪੁੱਤਰੀ ਬਲਕਾਰ ਸਿੰਘ ਤੇ ਰਣਦੀਪ ਕੌਰ ਪਹਿਲੇ, ਜਸ਼ਨਪ੍ਰੀਤ ਕੌਰ ਪੁੱਤਰੀ ਸੁਰਜੀਤ ਸਿੰਘ ਤੇ ਰਣਜੀਤ ਕੌਰ ਦੂਸਰੇ ਅਤੇ ਪਲਵਿੰਦਰ ਕੌਰ ਪੁੱਤਰੀ ਹਰਜਿੰਦਰ ਸਿੰਘ ਤੇ ਪਰਮਜੀਤ ਕੌਰ ਤੀਸਰੇ ਸਥਾਨ 'ਤੇ ਰਹੀ। ਸਤਨਾਮ ਸਿੰਘ ਪੁੱਤਰ ਸੁੱਚਾ ਸਿੰਘ ਤੇ ਗੁਰਮੇਲ ਕੌਰ, ਰਣਬੀਰ ਸਿੰਘ ਪੁੱਤਰ ਕੁਲਵੰਤ ਸਿੰਘ ਤੇ ਸੰਦੀਪ ਕੌਰ ਨੂੰ ਵਿਸ਼ੇਸ਼ ਇਨਾਮ ਦਿੱਤੇ ਗਏ। ਪ੍ਰਿੰ. ਅਮਨਦੀਪ ਕੌਰ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਉਕਤ ਮੁਕਾਬਲੇ ਜਿੱਥੇ ਵਿਦਿਆਰਥੀਆਂ ਨੂੰ ਸਾਡੇ ਕੁਰਬਾਨੀਆਂ ਭਰੇ ਇਤਿਹਾਸ ਨਾਲ ਜੋੜਦੇ ਹਨ, ਉੱਥੇ ਬੱਚਿਆਂ 'ਚ ਮੁਕਾਬਲੇ ਦੀ ਭਾਵਨਾ ਵੀ ਪੈਦਾ ਕਰਦੇ ਹਨ। ਉਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਹਿੱਸਾ ਲੈਣ ਵਾਲੇ ਸਾਰੇ ਪ੍ਰਤੀਯੋਗੀਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਲੈਕਚਰਾਰ ਪਲਵਿੰਦਰ ਕੌਰ, ਗਗਨਦੀਪ ਸਿੰਘ, ਅਰਵਿੰਦਰ ਕੌਰ ਤੇ ਸਟਾਫ਼ ਮੈਂਬਰ ਹਾਜ਼ਰ ਸਨ।

## ■ ਸੰਜਨਾ ਨੇ ਹਾਸਲ ਕੀਤਾ ਪਹਿਲਾ ਸਥਾਨ

# ਮੋਗਾ ਕਿਸਾਨ ਲਾਠੀਚਾਰਜ ਤੋਂ ਬਾਅਦ ਖੱਟਰ ਦਾ ਪੁਤਲਾ ਫੂਕਣ ਲੱਗੇ ਕਾਂਗਰਸੀ ਆਗੂ



**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਹਰਿਆਣਾ ਦੀ ਖੱਟੜ ਸਰਕਾਰ ਵੱਲੋਂ ਖੇਤੀ ਕਨੂੰਨਾਂ ਦੇ ਵਿਰੋਧ ਵਿੱਚ ਅੰਦੋਲਣ ਕਰ ਰਹੇ ਕਿਸਾਨਾ ਤੇ ਬੀਤੇ ਦਿਨੀ ਕੀਤੋਂ ਗਏ ਅੰਨੇ ਤਸੱਦਦ ਦੇ ਖਿਲਾਫ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਮਰਜੀਤ ਸਿੰਘ ਘਾਰੂ ਵੱਲੋਂ ਕਸਬਾ ਮਮਦੋਟ ਦੇ ਕੁਝ ਕਾਂਗਰਸੀ ਆਗੂਆਂ ਨਾਲ ਮਿਲਕੇ ਮਮਦੋਟ ਦੇ ਚਪਾਤੀ ਚੌਕ ਵਿੱਚ ਖੱਟੜ ਸਰਕਾਰ ਦਾ ਪੁਤਲਾ ਫੂਕਿਆ ਗਿਆ ਤੇ ਹਰਿਆਣਾ ਸਰਕਾਰ ਖਿਲਾਫ ਜੋਰਦਾਰ ਨਾਅਰੇਬਾਜੀ ਕੀਤੀ ਗਈ । ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਉਹਨਾ ਕਿਹਾ ਕਿ ਕੇਂਦਰ ਸਰਕਾਰ ਅਤੇ ਆਰ ਐਸ ਐਸ ਦੇ ਇਸਾਰੇ ਤੇ ਹਰਿਆਣਾ ਸਰਕਾਰ ਅੰਦੋਲਣ ਕਰ ਰਹੇ ਕਿਸਾਨਾ ਤੇ ਕਦੇ ਸੜਕਾਂ ਪੁੱਟ ਕੇ ਤੇ ਕਦੇ ਲਾਠੀਚਾਰਜ ਕਰ ਕੇ ਅਣਮਨੁੱਖੀ ਵਰਤਾ ਕਰ ਰਹੀ ਹੈ । ਇਸ ਮੌਕੇ ਜਦ ਘਾਰੂ ਨੂੰ ਕੱਲ ਮੋਗੇ ਵਿਖੇ ਅਕਾਲੀ ਦਲ ਦਾ ਵਿਰੋਧ ਕਰਦੇ ਕਿਸਾਨਾ ਤੇ ਪੁਲਸ ਵੱਲੋਂ ਕੀਤੇ ਲਾਠੀਚਾਰਜ ਸਬੰਧੀ ਸਵਾਲ ਪੁੱਛਿਆ ਗਿਆ ਤਾਂ ਉਹ ਜਵਾਬ ਦੇਣ ਤੋਂ ਕੰਨੀ ਕਤਰਾਉਣ ਲੱਗੇ ।

ਉਹਨਾ ਕਿਹਾ ਕਿ ਕਿਸਾਨਾ ਨੂੰ ਸਿਆਸੀ ਪਾਰਟੀਆਂ ਦਾ ਵਿਰੋਧ ਨਹੀ ਕਰਨਾ ਚਾਹੀਦਾ ਤੇ ਮੋਗੇ ਵਿਖੇ ਅਕਾਲੀ ਦਲ ਦੀ ਰੈਲੀ ਸਮੇਂ ਰਸਤਾ ਰੋਕੀ ਬੈਠੇ ਕਿਸਾਨਾ ਤੇ ਅਕਾਲੀ ਆਗੂਆਂ ਦੀ ਸੁਰੱਖਿਆ ਯਕੀਨੀ ਬਨਾਉਣ ਲਈ ਪੁਲਸ ਨੂੰ ਲਾਠੀਚਾਰਜ ਕਰਨਾ ਪਿਆ ਹੈ । ਫਿਰ ਪੁੱਛੇ ਜਾਂਣ ਤੇ ਕਿ ਹਰਿਆਣਾ ਸਰਕਾਰ ਵੀ ਕਹਿ ਰਹੀ ਹੈ ਕਿ ਬੀ ਜੇਪੀ ਆਗੂਆਂ ਦੀ ਸੁਰੱਖਿਆ ਯਕੀਨੀ ਬਨਾਉਣ ਲਈ ਪੁਲਸ ਬਲ ਦਾ ਪ੍ਰਯੋਗ ਕਰਨਾ ਪਿਆ ਹੈ ਤਾਂ ਉਹ ਕੋਈ ਜਵਾਬ ਨਹੀਂ ਦੇ ਸਕੇ ਜਦ ਉਹਨਾ ਨੂੰ ਪੁੱਛਿਆ ਗਿਆ ਕਿ ਜਿਸ ਤਰਾਂ ਤੁਹਾਡੇ ਵੱਲੋਂ ਖੱਟੜ ਸਰਕਾਰ ਦਾ ਪੁਤਲਾ ਫੂਕਿਆ ਗਿਆ ਹੈ ਉਸੇ ਤਰਾਂ ਕੱਲ ਮੋਗਾ ਵਿਖੇ ਹੋਏ ਲਾਠੀਚਾਰਜ ਦੇ ਵਿਰੋਧ ਵਿੱਚ ਅਗਰ ਹਰਿਆਣਾ ਦੇ ਕਿਸਾਨ ਕੈਪਟਨ ਸਰਕਾਰ ਦਾ ਪੁਤਲਾ ਫੂਕਣਗੇ ਤੇ ਤੁਹਾਡੀ ਕੀ ਪ੍ਰਤੀਕਿਆ ਹੋਵੇਗੀਦੇ ਜਵਾਬ ਵਿੱਚ ਉਹਨਾ ਕਿਹਾ ਉਹਨਾ ਦਾ ਨਾਨਕ ਹੱਕ ਹੈ ਪਰ ਅਸੀ ਕਿਸਾਨਾ ਨਾਲ ਖੜੇ ਹਾਂ ਇਸ ਮੋਕੇ ਕੇਵਲ ਕਿਸਨ ਨਾਰੰਗ ਸਾਬਕਾ ਪ੍ਰਧਾਨ ਨਗਰ ਪੰਚਾਇਤ ਹਰਪਾਲ ਸਿੰਘ ( ਨੀਟਾ ) ਸੋਢੀ ,ਸੁਲੱਖਣ ਸਿੰਘ ਸਿੰਧੀ , ਕੁਲਦੀਪ ਸਿੰਘ ਕੀਪੂ ,ਅਵਤਾਰ ਸਿੰਘ , ਲੇਖ ਰਾਜ , ਕਾਲੀ ਮਨਚੰਦਾ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਤੇ ਆਗੂ ਹਾਜਰ ਸਨ।

# ਔਲਖ ਵੱਲੋ ਹਲਕਾ ਖਡੂਰ ਸਾਹਿਬ ਦੇ ਪਿੰਡ ਪਿੰਡ ਸਾਥੀਆਂ ਸਮੇਤ ਜਾ ਕੇ ਡੋਰ ਟੂ ਡੋਰ ਪਾਰਟੀ ਦਾ ਪ੍ਰਚਾਰ ਕੀਤਾ

**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਹਲਕਾ ਖਡੂਰ ਸਾਹਿਬ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ੍ਰ ਗੁਰਸੇਵਕ ਸਿੰਘ ਔਲਖ ਵੱਲੋਂ ਅੱਜ ਪਿੰਡ ਪਿੰਡ ਜਾ ਕੇ ਡੋਰ ਟੂ ਡੋਰ ਆਮ ਆਦਮੀ ਪਾਰਟੀ ਦੇ ਕੰਮਾਂ ਤੋਂ ਜਾਣੂ ਕਰਵਾਇਆ ਜੋ ਲੋਕ ਰਵਾਇਤੀ ਪਾਰਟੀਆਂ ਨਾਲ ਜੁੜੇ ਹਨ ਉਨ੍ਹਾਂ ਨੂੰ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਪੰਜਾਬ ਦੇ ਭਲੇ ਵਾਸਤੇ ਚੰਗੀ ਸਰਕਾਰ ਬਣਾਉਣ ਬਾਰੇ ਬੇਨਤੀ ਕੀਤੀ ਜਿਸ ਤਰ੍ਹਾਂ ਹਰ ਰੋਜ਼ ਅਲੱਗ ਅਲੱਗ ਪਿੰਡਾਂ ਵਿੱਚ ਜਾਂਦੇ ਹਾਂ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਨੂੰ ਬਹੁਤ ਵੱਡਾ ਹੁੰਗਾਰਾ ਮਿਲ ਰਿਹਾ ਹੈ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਜਿਸ ਤਰ੍ਹਾਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਕੰਮ ਕਰ ਰਹੀ ਹੈ ਸਾਨੂੰ ਪੂਰੀ ਉਮੀਦ ਹੈ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਲੋਕਾਂ ਦੇ ਚਿਹਰੇ ਤੇ ਖੁਸ਼ੀ ਦੀ ਲਹਿਰ ਜ਼ਰੂਰ ਦਿਖੇਗੀ ਅਤੇ ਹਲਕੇ ਦੇ ਲੋਕ ਵੀ 2022 ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਉਤਸਾਹਿਤ ਹਨ ਇਸ ਮੌਕੇ ਰਣਜੀਤ ਸਿੰਘ ਪਵਾਰ ਬਲਾਕ ਪ੍ਰਧਾਨ ,ਹਰਪ੍ਰੀਤ ਸਿੰਘ ਧੁੰਨਾ ਮੀਡੀਆ ਇੰਚਾਰਜ ,ਰੇਸ਼ਮ ਸਿੰਘ ,ਤਰਸੇਮ ਸਿੰਘ ਕੋਹਾੜਕਾ ,ਹਰਪ੍ਰੀਤ ਸਿੰਘ ਖਾਨ ਛਾਪੜੀ, ਹਰਜਿੰਦਰ ਸਿੰਘ ,ਸੁਖਰਾਜ ਸਿੰਘ ਔਲਖ, ਬਲਜਿੰਦਰ ਸਿੰਘ ਨਾਮਧਾਰੀ, ਗੁਰਮੁੱਖਪਾਲ ਸਿੰਘ ਲਹਿਰੀ ਆਦਿ ਮੌਜੂਦ ਸਨ।



ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਹਾਯਰ ਇੰਡੀਆ ਨੇ ਆਪਣੀ ਐਂਡਰਾਇਡ ਟੀਵੀ ਰੇਂਜ ਵਿਚ ਆਲ-ਨਿਊ ਐਸ8 ਸੀਰੀਜ ਦੇ ਏਆਈ ਇਨੇਬਲਡ 4ਕੇ ਸਮਾਰਟ ਐਲਈਡੀ ਟੀਵੀ ਸਾਮਲ ਕੀਤੇ

**ਚੰਡੀਗੜ/ਲੋਕ ਬਾਣੀ**

ਹੋਮ ਅਪਲਾਇੰਸੇਜ ਅਤੇ ਕੰਜਿਊਮਰ ਇਲੈਕਟ੍ਰੋਨਿਕਸ ਵਿਚ ਗਲੋਬਲ ਲੀਡਰ ਅਤੇ ਲਗਾਤਾਰ 12 ਸਾਲਾਂ ਤੱਕ ਵੱਡੇ ਅਪਲਾਇੰਸੇਜ ਵਿਚ ਨੰ: 1 ਬ੍ਰਾਂਡ, ਹਾਯਰ ਨੇ ਅੱਜ ਆਪਣੀ ਗੂਗਲ ਸਰਟੀਫਾਈਡ ਐਂਡਰਾਇਡ ਟੀਵੀ ਐਸ8 ਸੀਰੀਜ ਦੇ ਵਿਸਥਾਰ ਦੀ ਘੋਸਣਾ ਕੀਤੀ . ਐਸ8 ਸੀਰੀਜ ਵਿਚ ਸਾਮਲ ਇਨ੍ਹਾਂ ਨਵੇਂ ਟੀਵੀ ਵਿਚ ਲੜੀਵਾਰ 139 ਸੈਮੀ. (55 ਇੰਚ) ਅਤੇ 165 ਸੈਮੀ. (65 ਇੰਚ) ਦੇ ਸਕ੍ਰੀਨ ਸਾਈਜ ਵਿਚ ਖੂਬਸੂਰਤ 4ਕੇ ਐਚਡੀਆਰ ਪਿਕਚਰ ਕੁਆਲਿਟੀ ਹੈ .ਮੈਟਲ ਬੇਜੇਲਲੈਸ ਆਲ ਸਕ੍ਰੀਨ ਡਿਸਪਲੇ ਅਤੇ ਫਰੰਟ ਸਪੀਕਰ ਡਿਜਾਇਨ ਇਸ ਸੀਰੀਜ ਨੂੰ ਇੱਕ ਸਲਿਮ, ਸਟਾਈਲਿਸ ਅਤੇ ਸਾਨਦਾਰ ਲੁੱਕ ਪ੍ਰਦਾਨ ਕਰਦਾ ਹੈ . ਇਸਦਾ ਅਦਭੁਤ ਅਤੇ ਉਦਯੋਗ ਵਿਚ ਪਹਿਲਾ ਫਰੰਟ ਸਪੀਕਰ ਸਿਸਟਮ 30 ਵਾਟ ਦੇ 6 ਫਰੰਟ ਸਪੀਕਰਾਂ ਦੇ ਨਾਲ ਬਿਲਕੁਲ ਜੀਵਿਤ ਅਤੇ ਕ੍ਰਿਸਟਲ ਕਲੀਅਰ ਸਰਾਊਂਡ ਸਾਊਂਡ ਦਾ ਅਨੁਭਵ ਪ੍ਰਦਾਨ ਕਰਦਾ ਹੈ . ਨਵੇਂ ਟੀਵੀ ਦਾ ਡਿਜਾਇਨ ਅੱਜ ਦੇ ਸਮਕਾਲੀਨ ਘਰਾਂ ਦੀ ਖੂਬਸੂਰਤੀ ਦੇ ਅਨੁਸਾਰ ਹੈ ਅਤੇ ਇਹ ਘਰ ਦੇ ਇੰਟੀਰੀਅਰ ਵਿਚ ਅਸਾਨੀ ਨਾਲ ਜਗ੍ਹਾ ਬਣਾ ਲੈਂਦਾ ਹੈ .ਹਾਯਰ ਵੱਲੋਂ ਟੀਵੀ ਦਾ ਨਵਨਿਰਮਿਤ ਡਿਜਾਇਨ ਉਪਭੋਗਤਾਵਾਂ ਦੇ ਘਰਾਂ ਨੂੰ ਜਿਆਦਾ ਸਟਾਈਲਿਸ ਅਤੇ ਖੂਬਸੂਰਤ ਬਣਾਉਂਦੇ ਹੋਏ ਵਿਊਇੰਗ ਦਾ ਹੋਰ ਜਿਆਦਾ ਦਿਲਚਸਪ ਅਨੁਭਵ ਪ੍ਰਦਾਨ ਕਰੇਗਾ ਹਾਯਰ ਦੀ ਉੱਨਤ ਟੈਕਨੋਲਾਜੀ ਤੋਂ ਪ੍ਰੇਰਿਤ ਨਵੀਂ 4ਕੇ ਐਚਡੀਆਰ ਟੈਲੀਵਿਜਨ ਸੀਰੀਜ ਵਿਚ ਏਆਈ ਦੇ ਨਾਲ ਲੇਟੇਸਟ ਐਂਡਰਾਇਡ 9.0 ਵਰਜਨ ਸਰਟੀਫਿਕੇਸਨ ਹੈ ਅਤੇ ਇਹ ਸਮਾਰਟ ਡਿਵਾਇਸੇਸ ਦੇ ਲਈ ਇੱਕ ਆਈਓਟੀ ਹੱਬ ਦੇ ਰੂਪ ਵਿਚ ਕੰਮ ਕਰ ਸਕਦਾ ਹੈ, ਜਿਸ ਨਾਲ ਯੂਜਰਸ ਆਪਣੀ ਕਨੈਕਟਡ ਡਿਵਾਇਸੇਸ ਅਸਾਨੀ ਨਾਲ ਨੈਵੀਗੇਟ ਅਤੇ ਕੰਟਰੋਲ ਕਰ ਸਕਣਗੇ ਇਸ ਲਾਂਚ ਦੇ ਬਾਰੇ ਵਿਚ ਸ੍ਰੀ ਐਰਿਕ ਬ੍ਰੈਗੇਂਜਾ, ਪ੍ਰੈਜੀਡੈਂਟ, ਹਾਯਰ ਅਪਲਾਇੰਸੇਜ ਇੰਡੀਆ ਨੇ ਕਿਹਾ, 'ਨਵੇਂ ਐਸ8 ਸੀਰੀਜ ਦੇ ਟੈਲੀਵਿਜੰਸ ਦੇ ਲਾਂਚ ਦੇ ਨਾਲ ਅਸੀਂ ਆਪਣੇ ਉਪਭੋਗਤਾਵਾਂ ਨੂੰ ਆਈਓਟੀ ਅਤੇ ਏਆਈ ਪਾਵਰਡ ਸਮਾਰਟ ਹੋਮ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਤਾ ਮਜਬੂਤ ਕਰ ਰਹੇ ਹਾਂ . ਹਾਯਰ ਵਿਚ, ਸਾਡਾ ਯਕੀਨ ਹੈ ਕਿ ਸਮਾਧਾਨ ਅਭਿਨਵ ਉਤਪਾਦਾਂ ਅਤੇ ਅਤਿਅਧੁਨਿਕ ਪ੍ਰੋਦੋਗਿਕੀ ਦੇ ਨਾਲ ਸਾਡੇ ਉਪਭੋਗਤਾਵਾਂ ਦੀਆਂ ਵਿਕਸਿਤ ਹੁੰਦੀਆਂ ਹੋਈਆਂ ਜਰੂਰਤਾਂ ਨੂੰ ਸੰਬੋਧਿਤ ਕਰਨ ਵਿਚ ਹਨ . ਜੀਵਨ ਦੇ ਨਵੇਂ ਤਰੀਕੇ ਨੇ ਲੋਕਾਂ ਨੂੰ ਜਿਆਦਾ ਕਨੈਕਟਡ ਅਤੇ ਸਮਾਰਟ ਲਿਵਿੰਗ ਈਕੋਸਿਸਟਮ ਦਾ ਅਹਿਸਾਸ ਕਰਵਾਇਆ ਹੈ।



# ਹੜਤਾਲ ਤੇ ਮੰਗਾਂ ਦਾ ਕੋਈ ਵੀ ਨੋਟਿਸ ਨਾ ਲੈਣ ਤੇ ਜੋਰਦਾਰ ਕੀਤਾ ਪਿੱਟ ਸਿਆਪਾ



**ਪਟਿਆਲਾ/ਜਗਦੀਸ ਰਾਈਕਾ**

ਵੱਖ-ਵੱਖ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਦੇ ਚੋਥਾ ਦਰਜਾ, ਕੰਟਰੈਕਟ, ਆਊਟ ਸੋਰਸ ਅਤੇ ਡੇਲੀਵੇਜਿਜ਼ ਮੁਲਾਜਮ ਖੋਜ ਮੈਡੀਕਲ ਤੇ ਸਿੱਖਿਆ ਵਿਭਾਗ ਦੇ ਮੁਲਾਜਮਾਂ ਵਲੋਂ ਕੀਤੀ ਕੰਮ ਛੋੜ ਹੜਤਾਲ ਜੋ 10ਵੇਂ ਦਿਨ ਵਿੱਚ ਸ਼ਾਮਲ ਹੋਈ, ਹੜਤਾਲੀ ਕੈਂਪ ਵਿੱਚ ਸ਼ਾਮਲ ਹੋਏ, ਸਮੂੰਹ ਮੁਲਾਜਮਾਂ ਪੰਜਾਬ ਸਰਕਾਰ ਅਤੇ ਵਿਭਾਗ ਦੀ ਅਫਸਰਸ਼ਾਹੀ ਵਲੋਂ ਹੜਤਾਲ ਤੇ ਮੰਗਾਂ ਦਾ ਕੋਈ ਵੀ ਨੋਟਿਸ ਨਾ ਲੈਣ ਤੇ ਜੋਰਦਾਰ ਪਿੱਟ ਸਿਆਪਾ ਕੀਤਾ। ਹੜਤਾਲੀ ਕੈਂਪ ਵਿੱਚ ਜਿਵੇਂ ਹੀ ਖਬਰ ਪਹੁੰਚੀ ਕਿ ਪੰਜਾਬ ਸਰਕਾਰ ਨੇ ਪੰਜਾਬ ਵਿਧਾਨ ਸਭਾ ਵਿੱਚ ਕੱਚੇ ਮੁਲਾਜਮਾਂ ਦੀਆਂ ਨੌਕਰੀਆਂ ਪੱਕੀਆਂ ਕਰਨ, ਘੱਟੋਘੱਟ ਉਜਰਤਾ ਵਿੱਚ ਵਾਧਾ ਨਾ ਕਰਨ ਅਤੇ ਕਰੋਨਾ ਯੋਧਿਆਂ ਦੀਆਂ ਤਨਖਾਹਾਂ ਵਧਾਉਣ ਸਮੇਤ ਵਿਭਾਗ ਵਿੱਚ ਨਾ ਖਪਾਉਣ ਅਤੇ ਰੈਗੂਲਾਈਜੇਸ਼ਨ ਐਕਟ 2020 ਵਿੱਚ ਸੋਧਾ ਨਾ ਕਰਨ, 2004 ਦੀ ਪੈਨਸ਼ਨ ਬਹਾਲ ਨਾ ਕਰਨ, ਪੇਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਵਿੱਚ ਸਰਕਾਰ ਦੁਆਰਾ ਕੀਤਾ ਗਿਆ ਰੋਲ ਖਚੋਲ ਵਿੱਚ ਸੋਧਾ ਨਾ ਕਰਨ ਤੇ ਬਰਾਬਰ ਕੰਮ ਬਰਾਬਰ ਤਨਖਾਹਾਂ ਦਾ ਸਿਧਾਨਤ ਲਾਗੂ ਨਾ ਕਰਨ ਸਬੰਧੀ ਕੋਈ ਵੀ ਫੈਸਲਾ ਨਾ ਕਰਨ ਤੇ ਇਕੱਤਰ ਹੋਏ ਮੁਲਾਜਮ ਰੋਹ ਵਿੱਚ ਆ ਗਏ ਤੇ ਹਸਪਤਾਲ ਕੰਪਲੈਕਸ ਵਿਚੋਂ ਸੜਕਾਂ ਤੇ ਨਿਕਲ ਆਏ ਤੇ ਮੁਜਾਹਰਾ ਸ਼ੁਰੂ ਕਰ ਦਿੱਤਾ ਅਤੇ ਮਾਰਚ ਕਰਦੇ ਹੋਏ ਵਾਈ.ਪੀ.ਐਸ. ਚੌਂਕ ਵਿਖੇ ਪਹੁੰਚਕੇ ਧਰਨਾ ਮਾਰਕੇ ਆਵਾਜਾਈ ਨੂੰ ਮੁਕਰਾਲ ਠੱਪ ਕਰਕੇ ਰੱਖ ਦਿੱਤਾ, ਜਿੱਥੇ ਸਰਕਾਰ ਵਿਰੁੱਧ ਜਮ ਕੇ ਰੈਲੀ ਕਰਕੇ ਭੜਾਸ ਕੱਢੀ। ਉੱਥੇ ਹੀ 11 ਘੜੇ ਵੀ ਭੰਨੇ।

ਇਸ ਮੌਕੇ ਐਕਸ਼ਨ ਦੀ ਅਗਵਾਈ ਕਰਦੇ ਹੋਏ ਮੁਲਾਜਮਾਂ ਮਜਦੂਰਾਂ ਦੀ ਪ੍ਰਮੁੱਖ ਆਗੂਆਂ ਕਾਮਰੇਡ ਨਿਰਮਲ ਸਿੰਘ ਧਾਲੀਵਾਲ, ਦਰਸ਼ਨ ਸਿੰਘ ਲੁਬਾਣਾ, ਰਾਮ ਕਿਸ਼ਨ, ਦੀਪ ਚੰਦ ਹੰਸ, ਬਲਜਿੰਦਰ ਸਿੰਘ, ਸਵਰਨ ਸਿੰਘ ਬੰਗਾ, ਜਗਮੋਹਨ ਸਿੰਘ ਨੋਲੱਖਾ, ਮਾਧੋ ਲਾਲ, ਰਾਮ ਲਾਲ ਰਾਮਾ, ਗਗਨਦੀਪ ਕੌਰ, ਚਰਨਜੀਤ ਕੌਰ, ਸੰਦੀਪ ਕੌਰ, ਅਰੁਣ ਕੁਮਾਰ, ਅਜੈ ਸਿਪਾ, ਗੋਲੂ, ਗੁਰਲਾਲ ਸਿੰਘ, ਕੁਲਵਿੰਦਰ ਸਿੰਘ, ਕਿਸ਼ੋਰ ਕੁਮਾਰ ਟੋਨੀ, ਪ੍ਰਦੀਪ ਕੁਮਾਰ, ਇੰਦਰ ਪਾਲ, ਗੁਰਦਰਸ਼ਨ ਸਿੰਘ, ਤਰਲੋਚਨ ਮੰਡੋਲੀ, ਉਂਕਾਰ ਸਿੰਘ, ਲਾਭ ਸਿੰਘ, ਸ਼ਾਮ ਸਿੰਘ, ਲਖਵਿੰਦਰ ਸਿੰਘ, ਪ੍ਰਕਾਸ਼ ਸਿੰਘ ਲੁਬਾਣਾ, ਹਰਬੰਸ ਸਿੰਘ, ਸਤਿਨਰਾਇਣ ਗੋਨੀ, ਕਰਮਜੀਤ ਸਿੰਘ ਟਿੱਕਾ, ਰਾਮ ਪਾਲ, ਰਤਨ ਕੁਮਾਰ, ਗੁਰਲਾਲ ਸਿੰਘ, ਰਤਨ ਸਿੰਘ, ਕੁਲਵਿੰਦਰ ਸਿੰਘ, ਕਿਸੋਰ ਕੁਮਾਰ ਟੋਨੀ, ਪ੍ਰਦੀਪ ਕੁਮਾਰ ਆਦਿ ਹਾਜਰ ਸਨ।

ਇੱਥੇ ਦਰਸ਼ਨ ਸਿੰਘ ਲੁਬਾਣਾ ਨੇ ਸਾਰੇ ਵਰਗ / ਮੁਲਾਜਮ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਮਿਤੀ 11 ਸਤੰਬਰ ਨੂੰ ਪੰਜਾਬ, ਯੂ.ਟੀ. ਮੁਲਾਜਮ ਤੇ ਪੈਨਸ਼ਨ ਫਰੰਟ ਵਲੋਂ ਚੰਡੀਗੜ੍ਹ ਸੈਕਟਰ 25 ਵਿੱਚ ਐਲਾਨ ਕੀਤੀ ਰੈਲੀ ਵਿੱਚ ਸਮੂਹਕ ਤੌਰ ਤੇ ਸ਼ਾਮਲ ਹੋਣ।

# ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਗਵਾਉਣ ਲਈ ਕੇਦਰ ਸਰਕਾਰ ਮੌਕੇ ਦੀ ਭਾਲ ਵਿੱਚ : ਕਰਨੈਲ ਸਿੰਘ ਪੀਰਮੁਹੰਮਦ

■ ਸਿਆਸੀ ਰੈਲੀਆ ਵਿੱਚ ਸੁਰੱਖਿਆ ਲਈ ਤਾਇਨਾਤ ਪੁਲਿਸ ਦਾ ਖਰਚਾ ਸਬੰਧਿਤ ਰਾਜਨੀਤਿਕ ਪਾਰਟੀਆ ਤੋ ਲਿਆ ਜਾਵੇ



**ਮੋਗਾ/ਦਵਿੰਦਰ ਸਿੰਘ ਬਿੱਟੂ**

ਸ੍ਰੌਮਣੀ ਅਕਾਲੀ ਦਲ ਸੰਯੁਕਤ ਦੇ ਜਨਰਲ ਸਕੱਤਰ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਅੱਜ ਮੋਗਾ ਵਿੱਚ ਕਿਸਾਨਾ ਉਪਰ ਹੋਏ ਲਾਠੀਚਾਰਜ ਦੀ ਸਖਤ ਨਿੰਦਿਆ ਕਰਦਿਆ ਕਿਹਾ ਹੈ ਪੰਜਾਬ ਵਿੱਚ ਰਾਜਨੀਤਿਕ ਪਾਰਟੀਆ ਵੱਲੋ ਕੀਤੀਆ ਜਾਦੀਆ ਸਿਆਸੀ ਰੈਲੀਆ ਮੌਕੇ ਤਾਇਨਾਤ ਕੀਤੀ ਜਾਦੀ ਪੁਲਿਸ ਦਾ ਖਰਚਾ ਸਿਆਸੀ ਪਾਰਟੀਆ ਤੋ ਲਿਆ ਜਾਵੇ ਉਹਨਾ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਆਪਸੀ ਟਕਰਾਅ ਕਰਕੇ ਹੁਣ ਘੱਟ ਗਿਣਤੀ ਵਿੱਚ ਹੈ ਜਿਸ ਕਰਕੇ ਭਾਜਪਾ ਤੇ ਅਕਾਲੀ ਦਲ ਬਾਦਲ ਆਪਸ ਵਿੱਚ ਮਿਲਕੇ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਲਈ ਅਤੇ ਕਿਸਾਨ ਅੰਦੋਲਨ ਨੂੰ ਤਾਰੋਪੀਡ ਕਰਨ ਲਈ ਇੱਕ ਯੋਜਨਾਬੱਧ ਢੰਗ ਨਾਲ ਟਕਰਾਅ ਵਾਲੇ ਪ੍ਰੋਗਰਾਮ ਕਰ ਰਹੇ ਨੇ ਇਹਨਾ ਪਾਰਟੀਆ ਦੀ ਪੂਰੀ ਕੋਸ਼ਿਸ਼ ਹੈ ਕਿ ਪੰਜਾਬ ਅੰਦਰ ਰਾਸ਼ਟਰਪਤੀ ਰਾਜ ਹੋ ਜਾਵੇ ਕਿਉਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਹੁਣ ਜਿਆਦਾ ਦੇਰ ਚੱਲ ਨਹੀ ਸਕੇਗੀ ਹੋ ਸਕਦਾ ਕੱਲ ਦਾ ਵਿਧਾਨ ਸਭਾ ਸੈਸ਼ਨ ਇਸ ਸਰਕਾਰ ਦਾ ਆਖਰੀ ਸੈਸ਼ਨ ਹੋ ਜਾਵੇ ਅਜਿਹੇ ਹਾਲਤਾ ਵਿੱਚ ਆਪਣੀ ਸਿਆਸੀ ਗਲਤੀਆ ਕਰਕੇ ਲੀਹੋ ਲੱਥੀਆ ਇਹ ਤਿੰਨੋ ਰਵਾਇਤੀ- ਪਾਰਟੀਆ ਇਥੇ ਗਵਰਨਰੀ ਰਾਜ ਤਹਿਤ ਆਪਣੀਆ ਮਨਮਾਨੀਆ ਕਰਨੀਆ ਚਾਹੁੰਦੀਆ ਹਨ । ਉਹਨਾ ਕਿਹਾ ਕਿ ਅਜਿਹੇ ਹਾਲਤਾ ਤੋ ਪੰਜਾਬ ਦੇ ਲੋਕਾ ਨੂੰ ਬੇਹੱਦ ਗੰਭੀਰਤਾਪੂਰਵਕ ਧਿਆਨ ਦੇਣ ਦੀ ਲੋੜ ਹੈ ।ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਸਾਨ ਜਥੇਬੰਦੀਆ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਿਰੋਧ ਪ੍ਰਦਰਸ਼ਨਾ ਨੂੰ ਸਾਤਮਈ ਰੱਖਣ ਨਹੀ ਤਾ ਇਹਨਾ ਪਾਰਟੀਆ ਨੇ ਹਾਲਤਾ ਦਾ ਫਾਇਦਾ ਚੁੱਕਦਿਆ ਇਥੇ ਰਾਸ਼ਟਰਪਤੀ ਰਾਜ ਲਗਵਾ ਦੇਣਾ ਹੈ ਇਸ ਮੌਕੇ ਉਹਨਾ ਨਾਲ ਪਾਰਟੀ ਦੇ ਸਕੱਤਰ ਸ੍ਰ ਕਾਰਜ ਸਿੰਘ ਧਰਮ ਸਿੰਘ ਵਾਲਾ ਅਤੇ ਵਰਕਿੰਗ ਕਮੇਟੀ ਮੈਬਰ ਸ ਗੁਰਮੁੱਖ ਸਿੰਘ ਸੰਧੂ ਵੀ ਹਾਜਰ ਸਨ ।

# ਸੁਖਬੀਰ ਸਿੰਘ ਬਾਦਲ ਦਾ ਧਰਮਕੋਟ ਪਹੁੰਚਣ ਤੇ ਅਕਾਲੀ ਲੀਡਰਾਂ ਵੱਲੋਂ ਭਰਵਾਂ ਸਵਾਗਤ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦਾ ਧਰਮਕੋਟ ਪਹੁੰਚਣ ਤੇ ਹਲਕਾ ਧਰਮਕੋਟ ਦੇ ਮੁੱਖ ਸੇਵਾਦਾਰ ਜਥੇਦਾਰ ਤੋਤਾ ਸਿੰਘ ਜੀ ਦੀ ਅਗਵਾਈ ਹੇਠ ਯੂਥ ਅਕਾਲੀ ਦਲ ਦੇ ਪ੍ਰਧਾਨ ਹਰਪ੍ਰੀਤ ਸਿੰਘ ਰਿੱਕੀ ਤੇ ਨਿਸ਼ਾਨ ਸਿੰਘ ਮੂਸੇਵਾਲਾ ਸਰਕਲ ਪ੍ਰਧਾਨ ਢੋਲੇਵਾਲਾ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਤੇ ਲੀਡਰ ਸਾਹਿਬਾਨਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ।ਇਸ ਮੌਕੇ ਤੇ ਵੱਡੀ ਗਿਣਤੀ ਵਿਚ ਨੌਜਵਾਨਾਂ ਦੇ ਠਾਠਾਂ ਮਾਰਦੇ ਇਕੱਠ ਨੇ ਸ਼੍ਰੋਮਣੀ ਅਕਾਲੀ ਦਲ ਦੇ ਜੈਕਾਰਿਆਂ ਨਾਲ ਸਰਦਾਰ ਸੁਖਬੀਰ ਸਿੰਘ ਬਾਦਲ ਦਾ ਸਵਾਗਤ ਕੀਤਾ ਤੇ ਹਲਕਾ ਧਰਮਕੋਟ ਤੋਂ ਜਥੇਦਾਰ ਤੋਤਾ ਸਿੰਘ ਜੀ ਦੀ ਜਿੱਤ ਤੇ ਮੋਹਰ ਲਾਈ ।ਇਸ ਮੌਕੇ ਸਵਾਗਤ ਕਰਨ ਵਾਲਿਆਂ ਵਿੱਚ ਡਾ ਹਰਮੀਤ ਸਿੰਘ ਲਾਡੀ ਜਗਮੋਹਨ ਸਿੰਘ ਕਾਹਲੋਂ ਗੁਰਬਖਸ਼ ਸਿੰਘ ਕੁਕੂ ਜਗੀਰ ਸਿੰਘ ਜੱਜ ਹਰਪ੍ਰੀਤ ਸਿੰਘ ਸਿੱਧੂ ਭਜਨ ਸਿੰਘ ਬੱਤਰਾ ਸਾਬਕਾ ਕੌਂਸਲਰ ਹਰਕੋਮਲ ਸਿੰਘ ਕੋਮਲ ਗਿਆਨ ਸਿੰਘ ਲਖਵਿੰਦਰ ਸਿੰਘ ਨੈਸਲੇ ਹਰਜਿੰਦਰ ਸਿੰਘ ਨਿੱਕਾ ਸੰਧੂ ਜਗਸੀਰ ਸਿੰਘ ਸਭਰਵਾਲ ਤਜਿੰਦਰ ਸਿੰਘ ਗਿੱਲ ਗਿਆਨੀ ਤਲਵਿੰਦਰ ਸਿੰਘ ਪ੍ਰਭਜੋਤ ਸੰਘਾ ਰਾਣਾ ਨੂਰਪੁਰ ਕੁਲਵੰਤ ਸਿੰਘ ਸੰਗਲਾ ਜਸਪ੍ਰੀਤ ਸਿੰਘ ਲਾਲੀ ਭੱਟੀ ਤਰਸੇਮ ਸਿੰਘ ਭੱਟੀ ਪ੍ਰਧਾਨ ਐਸਸੀ ਵਿੰਗ ਧਰਮਕੋਟ ਪਰਮਿੰਦਰ ਸਿੰਘ ਰੰਧਾਵਾ ਹਰਜੀਤ ਸਿੰਘ ਆਸ਼ੂ ਬਬਲੂ ਸਾਬਕਾ ਕੌਂਸਲਰ ਤੇ ਵੱਡੀ ਗਿਣਤੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਹਾਜ਼ਰ ਸਨ।

# ਟ੍ਰੈਫਿਕ ਪੁਲਿਸ ਨੇ ਸਰਕਾਰੀ ਪ੍ਰਾਇਮਰੀ ਸਕੂਲ ਮੋਰਾਂਵਾਲੀ ਸੁਨਾਮ ਦੇ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਅਤੇ ਕੋਵਿਡ ਤੋਂ ਬਚਾਅ ਸਬੰਧੀ ਕੀਤਾ ਜਾਗਰੂਕ

**ਸੁਨਾਮ/ਵਰਮਾ :** ਜ਼ਿਲ੍ਹਾ ਪੁਲਿਸ ਮੁਖੀ ਸਵਪਨ ਸ਼ਰਮਾ ਦੇ ਦਿਸ਼ਾ-ਨਿਰਦੇਸ਼ ਅਤੇ ਡੀ.ਐਸ.ਪੀ. ਟ੍ਰੈਫਿਕ ਸੰਗਰੂਰ ਅਮਰਜੀਤ ਸਿੰਘ ਦੇ ਹੁਕਮਾਂ ਅਨੁਸਾਰ ਟ੍ਰੈਫਿਕ ਪੁਲਿਸ ਸੁਨਾਮ ਵੱਲੋਂ ਟ੍ਰੈਫਿਕ ਇੰਚਾਰਜ ਅਸ਼ੋਕ ਕੁਮਾਰ ਦੀ ਦੇਖ-ਰੇਖ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਮੋਰਾਂਵਾਲੀ ਸੁਨਾਮ ਵਿਖੇ ਟਰੈਫਿਕ ਨਿਯਮਾਂ ਅਤੇ ਕੋਵਿਡ ਸਬੰਧੀ ਜਾਗਰੁਕਤਾ ਸੈਮੀਨਾਰ ਲਗਾਇਆ ਗਿਆ। ਇਸ ਮੌਕੇ ਤੇ ਟ੍ਰੈਫਿਕ ਇੰਚਾਰਜ ਅਸ਼ੋਕ ਕੁਮਾਰ ਨੇ ਇਸ ਸਕੂਲ ਵਿੱਚ ਟਰਾਂਸਫਰ ਹੋ ਕੇ ਆਏ ਟ੍ਰੈਫਿਕ ਮਾਰਸਲ ਸੁਰੇਸ ਕੁਮਾਰ ਨੂੰ ਵਧਾਈ ਦਿੱਤੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਮੋਰਾਂਵਾਲੀ ਸੁਨਾਮ ਦੇ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਜਾਣਕਾਰੀ ਦਿੱਤੀ। ਜਾਣਕਾਰੀ ਦਿੰਦੇ ਹੋਏ ਟ੍ਰੈਫਿਕ ਇੰਚਾਰਜ ਅਸ਼ੋਕ ਕੁਮਾਰ ਨੇ ਦੱਸਿਆ ਕਿ ਬੱਚਿਆਂ ਨੂੰ ਨਿਯਮਾਂ ਦੀ ਠੀਕ ਜਾਣਕਾਰੀ ਨਾ ਹੋਣ ਕਾਰਨ ਆਏ ਦਿਨ ਦੁਰਘਟਨਾਵਾਂ ਦਾ ਗ੍ਰਾਫ ਵਧਦਾ ਜਾ ਰਿਹਾ ਹੈ। ਜਿਸ ਵਿੱਚ ਆਂਕੜਿਆਂ ਮੁਤਾਬਿਕ ਵਾਹਨਾਂ ਦੀਆਂ ਘਟਨਾਵਾਂ ਕਾਫ਼ੀ ਜ਼ਿਆਦਾ ਸਾਹਮਣੇ ਆਈਆਂ ਹਨ ਅਤੇ ਇਹਨਾਂ ਘਟਨਾਵਾਂ ਉੱਤੇ ਅੰਕੁਸ਼ ਲਗਾਉਣ ਦੇ ਮਕਸਦ ਨਾਲ ਸੈਮੀਨਾਰ ਰਾਹੀਂ ਬਚਿਆਂ ਨੂੰ ਸੜਕ ਉੱਤੇ ਫੋਨ ਦੇ ਇਸਤੇਮਾਲ ਤੋਂ ਗੁਰੇਜ ਕਰਨ ਅਤੇ ਟ੍ਰੈਫਿਕ ਨਿਯਮਾਂ ਦਾ ਪਾਲਣ ਕਰਨ ਦੀ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸੈਮੀਨਾਰ ਵਿੱਚ ਬਚਿਆਂ ਨੂੰ ਕੋਵਿਡ ਤੋਂ ਬਚਾਅ ਲਈ ਇਸਤੇਮਾਲ ਕੀਤੀਆਂ ਜਾਣ ਵਾਲੀ ਸਾਵਧਾਨੀਆਂ ਸਬੰਧੀ ਵੀ ਜਾਣੂ ਕਰਵਾਇਆ। ਜਿਸ ਵਿੱਚ ਬੱਚਿਆਂ ਨੂੰ ਮਾਸਕ ਲਗਾ ਕੇ ਰੱਖਣ, ਸੈਨੇਟਾਇਜਰ ਜਾਂ ਸਾਬਣ ਨਾਲ ਵਾਰ-ਵਾਰ ਹੱਥ ਧੋਣ ਅਤੇ ਆਪਸੀ ਦੂਰੀ ਬਣਾ ਕੇ ਰੱਖਣ ਲਈ ਪ੍ਰੇਰਿਤ ਕੀਤਾ ਗਿਆ। ਇਸ ਸਮੇਂ ਏ ਐੱਸ ਆਈ ਜਰਨੈਲ ਸਿੰਘ ਵੀ ਮੌਜੂਦ ਸਨ।

# ਜ਼ਿਲ੍ਹੇ ਦੇ 86 ਹਜ਼ਾਰ ਲਾਭਪਾਤਰੀਆਂ ਨੇ 65 ਕਰੋੜ ਰੁਪਏ ਦਾ ਕੈਸ਼ਲੈਸ ਇਲਾਜ ਕਰਵਾਇਆ : ਵਧੀਕ ਡਿਪਟੀ ਕਮਿਸ਼ਨਰ




**ਪਟਿਆਲਾ/ਸਰਦਾਰਾ ਸਿੰਘ ਲਾਛੜੂ**

ਵਧੀਕ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਪਟਿਆਲਾ ਜ਼ਿਲ੍ਹੇ ਦੇ 86 ਹਜ਼ਾਰ ਲਾਭਪਾਤਰੀਆਂ ਨੇ ਸੂਬੇ ਦੇ ਪੰਜੀਕ੍ਰਿਤ ਹਸਪਤਾਲਾਂ 'ਚ 65 ਕਰੋੜ 51 ਲੱਖ ਰੁਪਏ ਦੇ ਕੈਸਲੈਸ ਇਲਾਜ ਦੀ ਸਹੂਲਤ ਪ੍ਰਾਪਤ ਕੀਤੀ ਹੈ ਅਤੇ ਹੁਣ ਤੱਕ ਪਟਿਆਲਾ ਜ਼ਿਲ੍ਹੇ 'ਚ 4 ਲੱਖ 89 ਹਜ਼ਾਰ 544 ਯੋਗ ਲਾਭਪਾਤਰੀਆਂ ਦੇ ਈ-ਕਾਰਡ ਬਣਾਏ ਗਏ ਹਨ ਅਤੇ ਇਹ ਮੁਹਿੰਮ ਲਗਾਤਾਰ ਜਾਰੀ ਹੈ ਤਾਂ ਜੋ ਇਸ ਸਕੀਮ ਦਾ ਲਾਭ ਹਰੇਕ ਯੋਗ ਲਾਭਪਾਤਰੀ ਨੂੰ ਦਿੱਤਾ ਜਾ ਸਕੇ।

ਵਧੀਕ ਡਿਪਟੀ ਕਮਿਸ਼ਨਰ ਅੱਜ ਜ਼ਿਲ੍ਹਾ ਪ੍ਰੀਸ਼ਦ ਦਫ਼ਤਰ ਵਿਖੇ ਆਯੂਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਸਬੰਧੀ ਪ੍ਰਾਪਤ ਸ਼ਿਕਾਇਤਾਂ ਦੇ ਨਿਪਟਾਰੇ ਲਈ ਜ਼ਿਲ੍ਹਾ ਪੱਧਰੀ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ ਪ੍ਰਧਾਨਗੀ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਲਾਭਪਤਾਰੀਆਂ ਨੂੰ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਮਿਲਣ ਵਾਲੇ ਲਾਭ ਨੂੰ ਬਿਨ੍ਹਾਂ ਕਿਸੇ ਖੱਜਲ ਖੁਆਰੀ ਦੇ ਮੁਹੱਈਆ ਕਰਵਾਇਆ ਜਾਵੇ ਅਤੇ ਸਿਹਤ ਬੀਮਾ ਯੋਜਨਾਂ ਨੂੰ ਲਾਗੂ ਕਰਨ ਵਿੱਚ ਕੁਤਾਹੀ ਵਰਤਣ ਵਾਲ਼ਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮੀਟਿੰਗ ਦੌਰਾਨ ਸਿਹਤ ਬੀਮਾ ਯੋਜਨਾ ਨਾਲ ਸਬੰਧਤ ਚਾਰ ਸ਼ਿਕਾਇਤਾਂ ਨਿਪਟਾਰੇ ਲਈ ਰੱਖੀਆਂ ਗਈਆਂ, ਜਿਨ੍ਹਾਂ 'ਚੋਂ ਦੋ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ ਜਦਕਿ ਦੋ ਧਿਰਾਂ ਮੀਟਿੰਗ 'ਚ ਸ਼ਾਮਲ ਨਾ ਹੋਣ ਕਾਰਨ ਉਨ੍ਹਾਂ ਨੂੰ ਆਪਣਾ ਪੱਖ ਰੱਖਣ ਲਈ ਸਮਾਂ ਦਿੱਤਾ ਗਿਆ।

ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਸੰਜੀਲਾ ਖਾਨ ਨੇ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ ਦੇ ਨੁਮਾਇੰਦਿਆ ਨੂੰ ਬੀਮਾ ਪਾਲਿਸੀ ਦੇ ਹਿਸਾਬ ਨਾਲ ਕੇਸ ਤਿਆਰ ਕਰਨ ਲਈ ਹਦਾਇਤ ਕੀਤੀ ਅਤੇ ਬੀਮਾ ਕੰਪਨੀਆਂ ਦੇ ਨੁਮਾਇੰਦਿਆਂ ਨੂੰ ਬਿਨਾਂ ਕਿਸੇ ਠੋਸ ਕਾਰਨ ਦੇ ਇਤਰਾਜ਼ ਨਾ ਲਗਾਉਣ ਲਈ ਕਿਹਾ। ਉਨ੍ਹਾਂ ਸਮੂਹ ਐਸ.ਐਮ.ਓਜ਼ ਨੂੰ ਸਰਬੱਤ ਸਿਹਤ ਬੀਮਾ ਯੋਜਨਾ ਦੇ ਕੇਸਾਂ ਦੀ ਖੁਦ ਨਿਗਰਾਨੀ ਕਰਨ ਦੀ ਹਦਾਇਤ ਵੀ ਕੀਤੀ। ਮੀਟਿੰਗ 'ਚ ਡਾ. ਵੀ.ਕੇ. ਡੰਗਵਾਲ, ਡਾ. ਆਰ.ਐਲ. ਸਿੰਘ, ਸ੍ਰੀਮਤੀ ਕਿਰਨ ਢਿਲੋਂ, ਸ੍ਰੀ ਅਨਿਲ ਮਹਿਤਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸੀ।



# ਮਯੰਕ ਫਾਊਂਡੇਸਨ ਨੇ ਲੜਕੀਆਂ ਵਿੱਚ ਉੱਚ ਸਿੱਖਿਆ ਨੂੰ ਉਤਸਾਹਤ ਕਰਨ ਲਈ ਪ੍ਰਤਿਭਾ ਸਕਾਲਰਸ਼ਿਪ ਪ੍ਰੋਗਰਾਮ ਕੀਤਾ ਜਾਰੀ

**ਫਿਰੋਜਪੁਰ/ਲੋਕ ਬਾਣੀ**

ਆਰਥਿਕ ਤੌਰ ਤੇ ਕਮਜੋਰ ਵਰਗਾਂ ਦੀਆਂ ਲੜਕੀਆਂ ਵਿੱਚ ਸਕੂਲ ਤੋਂ ਬਾਅਦ ਦੀ ਉੱਚ ਸਿੱਖਿਆ ਨੂੰ ਉਤਸਾਹਿਤ ਕਰਨ ਲਈ, ਫਿਰੋਜਪੁਰ ਸਥਿਤ ਮਯੰਕ ਫਾਊਂਡੇਸਨ ਨੇ ਅੱਜ ਲੜਕੀਆਂ ਦੇ ਸਕਾਲਰਸਪਿ ਪ੍ਰੋਗਰਾਮ "ਪ੍ਰਤਿਭਾ" ਦੇ ਨਵੇਂ ਸੈਸਨ ਦੀ ਸੁਰੂਆਤ ਕੀਤੀ। ਜਿਸ ਦਾ ਪੋਸਟਰ ਨਵ ਨਿਯੁਕਤ ਡਿਪਟੀ ਕਮਿਸਨਰ ਵਿਨੀਤ ਕੁਮਾਰ ਨੇ ਜਾਰੀ ਕੀਤਾ ਅਤੇ ਫਾਊਂਡੇਸਨ ਦੇ ਇਸ ਉਪਰਾਲੇ ਦੀ ਭਰਪੂਰ ਸਲਾਘਾ ਕੀਤੀ। ਇਸ ਸਕਾਲਰਸਪਿ ਦਾ ਉਦੇਸ ਬਾਰ੍ਹਵੀਂ ਜਮਾਤ ਤੋਂ ਬਾਅਦ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਸਰਹੱਦੀ ਜਲ੍ਹਿ ਦੀਆਂ ਲੋੜਵੰਦ ਲੜਕੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ।

■ ਡਿਪਟੀ ਕਮਿਸਨਰ ਵਿਨੀਤ ਕੁਮਾਰ ਨੇ ਪ੍ਰਤਿਭਾ ਸਕਾਲਰਸਪਿ ਪ੍ਰੋਗਰਾਮ ਦਾ ਪੋਸਟਰ ਕੀਤਾ ਜਾਰੀ

■ 26 ਵਿਦਿਆਰਥਣਾਂ ਨੂੰ ਦਿੱਤੀ ਜਾਵੇਗੀ ਕੁੱਲ 2,60,000 ਰੁਪਏ ਦੀ ਸਕਾਲਰਸ਼ਿਪ

ਇਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸਕੱਤਰ ਰਾਕੇਸ ਕੁਮਾਰ ਨੇ ਦੱਸਿਆ ਕਿ ਸਮਾਜ ਦੇ ਆਰਥਿਕ ਤੌਰ 'ਤੇ ਕਮਜੋਰ ਵਰਗਾਂ ਦੀਆਂ 13 ਲੜਕੀਆਂ ਨੂੰ ਪ੍ਰਤਿਭਾ ਸਕਾਲਰਸਪਿ ਅਧੀਨ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਪਿਛਲੇ ਸਾਲ 13 ਵਿਦਿਆਰਥਣਾਂ ਨੂੰ 10000 ਰੁਪਏ ਦੀ ਸਕਾਲਰਸਪਿ ਦਿੱਤੀ ਗਈ ਸੀ, ਇਸ ਸਾਲ 26 ਵਿਦਿਆਰਥਣਾਂ ਨੂੰ ਇਹ ਸਕਾਲਰਸਪਿ ਪ੍ਰਦਾਨ ਕੀਤੀ ਜਾਵੇਗੀ। ਗਰੀਬ ਲੜਕੀਆਂ ਨੂੰ ਵਿੱਤੀ ਤੰਗੀ ਕਾਰਨ ਬਾਰ੍ਹਵੀਂ ਜਮਾਤ ਤੋਂ ਬਾਅਦ ਪੜ੍ਹਾਈ ਛੱਡਣ ਲਈ ਮਜਬੂਰ ਨਹੀਂ ਹੋਣਾ ਪਵੇਗਾ।

ਡਾ. ਗਜਲ ਪ੍ਰੀਤ ਅਰਨੇਜਾ ਨੇ ਦੱਸਿਆ ਕੀ ਪ੍ਰਤਿਭਾ ਸਕਾਲਰਸਪਿ ਉਨ੍ਹਾਂ ਵਿਦਿਆਰਥਣਾਂ ਲਈ ਹੈ ਜਿਨ੍ਹਾਂ ਨੇ ਸਾਲ 2019 ਵਿੱਚ 10 ਵੀਂ ਕਲਾਸ ਅਤੇ ਸਾਲ 2021 ਵਿੱਚ 12 ਵੀਂ ਜਮਾਤ ਫਿਰੋਜਪੁਰ ਜਲ੍ਹਿ ਦੇ ਸਰਕਾਰੀ ਅਤੇ ਸਹਾਇਤਾ ਪ੍ਰਾਪਤ ਸਕੂਲ ਤੋਂ ਪਾਸ ਕੀਤੀ ਹੋਵੇ। ਇਸ ਵਰ੍ਹੇ ਵਿਦਿਆਰਥਣਾਂ ਦੀ ਮੈਰਿਟ ਲਿਖਤੀ ਪ੍ਰੀਖਿਆ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ ਜੋ ਕੀ 1 7 ਸਤੰਬਰ, 2021 ਨੂੰ ਫਿਰੋਜਪੁਰ ਸਹਿਰ ਵਿਖੇ ਸਵੇਰੇ 11 ਵਜੇ ਤੋਂ ਦੁਪਹਿਰ 12:30 ਵਜੇ ਤੱਕ ਆਯੋਜਿਤ ਕੀਤੀ ਜਾਵੇਗੀ। ਲਿਖਤੀ ਪ੍ਰੀਖਿਆ ਵਿੱਚ ਟੌਪ ਕਰਨ ਵਾਲੇ ਆਰਥਿਕ ਤੌਰ ਤੇ ਕਮਜੋਰ ਵਰਗ ਦੀਆਂ ਵਿਦਿਆਰਥਣਾਂ ਨੂੰ ਤਰਜੀਹ ਦਿੱਤੀ ਜਾਵੇਗੀ। ਅਪਲਾਈ ਕਰਨ ਦੀ ਆਖਰੀ ਤਰੀਕ 12 ਸਤੰਬਰ 2021 ਹੈ। ਇੱਕ ਵਾਰ ਚੁਣੇ ਜਾਣ ਵਾਲੀ ਵਿਦਿਆਰਥਣ ਨੂੰ 3 ਸਾਲਾਂ ਲਈ 10,000/- ਰੁਪਏ ਪ੍ਰਤੀ ਸਾਲ ਦੀ ਸਕਾਲਰਸਪਿ ਦਿੱਤੀ ਜਾਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸਨਰ (ਜ) ਸੁਖਪ੍ਰੀਤ ਸਿੰਘ, ਏਡੀਸੀ ਵਿਕਾਸ ਅਰੁਣ ਸਰਮਾ, ਸਕੱਤਰ ਰੈਡ ਕਰਾਸ ਅਸੋਕ ਬਹਿਲ ਅਤੇ ਮਯੰਕ ਫਾਊਂਡੇਸਨ ਤੋਂ ਪ੍ਰਿੰਸੀਪਲ ਅਜੀਤ ਕੁਮਾਰ, ਸੁਬੋਧ ਕੱਕੜ, ਚਰਨਜੀਤ ਸਿੰਘ, ਦੀਪਕ ਗਰੋਵਰ, ਗਗਨਦੀਪ ਸਿੰਘ, ਜਤਿੰਦਰ ਸਿੰਘ, ਨਵਿੰਦਰ ਕੁਮਾਰ ਅਤੇ ਦੀਪਕ ਸਰਮਾ ਹਾਜਰ ਸਨ।

# ਬਾਬਾ ਬਡਭਾਗ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਕੀਰਤਨ ਦਰਬਾਰ ਸਜਾਏ



**ਭੋਗਪੁਰ/ਸੁੱਖਵਿੰਦਰ**

ਜੰਡੀਰ ਧੰਨ ਧੰਨ ਬਾਬਾ ਵਡਭਾਗ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਪਿੰਡ ਦਾਤਾ ਨਜਦੀਕ ਚੁਲਾਂਗ ਵਿਖੇ ਜੋੜ ਮੇਲਾ ਮਨਾਇਆ ਗਿਆ, ਅਸਥਾਨ ਦੇ ਮੁੱਖੀ ਮਾਤਾ ਰਣਜੀਤ ਕੌਰ ਜੀ ਵਲੋਂ ਸੇਵਾ ਨਿਭਾਈ ਜਾ ਰਹੀ, ਲਗਾਤਾਰ ਲੜੀਵਾਰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਗਏ, ਵਿਸੇਸ ਤੌਰ ਤੇ ਪੁੱਜੇ ਸੰਤ ਬਾਬਾ ਗੁਰਦੀਪ ਸਿੰਘ ਜੀ ਖੁਜਾਲਾ ਅੰਮ੍ਰਿਤਸਰ ਅਤੇ ਹੋਰ ਵੱਖ-ਵੱਖ ਰਾਗੀ ਸਿੰਘਾਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਖੂਬ ਨਿਹਾਲ ਕੀਤਾ, ਨਿਸਾਨ ਸਾਹਿਬ ਦੀ ਸੇਵਾ ਨਿਭਾਈ ਗਈ, ਚਾਹ-ਪਕੌੜੇ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ, ਮਾਤਾ ਰਣਜੀਤ ਕੌਰ ਜੀ ਨੇ ਕਿਹਾ ਕਿ ਇਸ ਅਸਥਾਨ ਤੇ ਹਰ ਸਾਲ ਹੀ ਬਾਬਾ ਵਡਭਾਗ ਸਿੰਘ ਜੀ ਦੇ ਜਨਮ ਦਿਹਾੜੇ ਤੇ ਜੋੜ ਮੇਲਾ ਮਨਾਇਆ ਜਾਂਦਾ ਹੈ, ਅਤੇ ਇਹ ਸਾਰਾ ਪ੍ਰੋਗਰਾਮ ਬਾਬਾ ਚਰਨ ਸਿੰਘ ਜੀ ਭੀਖੋਵਾਲ ਵਾਲਿਆਂ ਦੇ ਅਸੀਰਵਾਦ ਸਦਕਾ ਹੈ, ਇਸ ਮੌਕੇ ਤੇ ਮਾਤਾ ਰਣਜੀਤ ਕੌਰ ਜੀ ਦੇ ਨਾਲ ਗਿਆਨੀ ਬੂਟਾ ਸਿੰਘ ਧੁੱਗਾ ਕਲਾਂ, ਭਾਈ ਹਰਕ੍ਰਿਸਨ ਸਿੰਘ ਜੀ ਮੂਨਕਾਂ, ਗਿਆਨ ਸਿੰਘ ਬੈਂਚਾਂ, ਭਜਨ ਸਿੰਘ, ਸੇਵਾ ਸਿੰਘ, ਪਰਮਜੀਤ ਸਿੰਘ, ਹਰਭਜਨ ਸਿੰਘ ਆਜਾਦ, ਅਮਰਜੀਤ ਸਿੰਘ ਭੋਗਪੁਰ ਆਦਿ ਹਾਜਰ ਸਨ।

# ਜਾਗਦਾ ਪੰਜਾਬ ਮਿਸ਼ਨ ਵੱਲੋਂ ਡੀ ਸੀ ਸੰਗਰੂਰ ਨੂੰ ਰਾਸਟਰਪਤੀ ਦੇ ਨਾਂ ਮੰਗ ਪੱਤਰ ਦਿੱਤਾ ਗਿਆ

**ਸੁਨਾਮ/ਵਰਮਾ :** ਸੂਬੇ ਦੀ ਸਮਾਜਿਕ ਸੰਸਥਾ ਤੇ ਲੋਕਾਂ ਨੂੰ ਉਹਨਾਂ ਦੇ ਹੱਕ-ਹਕੂਕਾਂ ਪ੍ਰਤੀ ਜਗਾਉਣ ਦੇ ਉਪਰਾਲੇ ਤੇ ਤੁਰੇ ਜਾਗਦਾ ਪੰਜਾਬ ਮਿਸ਼ਨ ਦੇ ਯੂਥ ਵਿੰਗ ਤੇ ਅਹੁਦੇਦਾਰਾਂ ਵੱਲੋਂ ਹਰਿਆਣਾ ਦੇ ਕਰਨਾਲ ਵਿੱਚ ਅਣਮਨੁੱਖੀ ਰਵੱਈਆ ਨਾਲ ਹੋਈ ਲਾਠੀਚਾਰਜ ਦੌਰਾਨ ਕਿਸਾਨ ਦੀ ਮੌਤ ਦੀ ਪੜਤਾਲ ਤੇ ਕਾਰਵਾਈ ਕਰਨ ਸਬੰਧੀ ਰਾਸ਼ਟਰਪਤੀ ਦੇ ਨਾਂ ਇੱਕ ਮੰਗ ਪੱਤਰ ਮਾਣਯੋਗ ਡੀ.ਸੀ. ਸੰਗਰੂਰ ਨੂੰ ਦਿੱਤਾ ਗਿਆ। ਇਸ ਵਫਦ ਦੀ ਅਗਵਾਈ ਸਾਬਕਾ ਆਈ.ਏ.ਐਸ. ਅਤੇ ਪ੍ਰਧਾਨ ਜਾਗਦਾ ਪੰਜਾਬ ਮਿਸ਼ਨ ਪੰਜਾਬ ਡਾ.ਕਰਮਜੀਤ ਸਿੰਘ ਸਰਾਂ, ਲੋਕ ਗਾਇਕ ਤੇ ਸਕੱਤਰ ਜਰਨਲ ਪਰਮਜੀਤ ਸਿੰਘ ਸਿੱਧੂ ਉਰਫ ਪੰਮੀ ਬਾਈ ਅਤੇ ਜਸਵਿੰਦਰ ਸਿੰਘ ਨੇ ਕੀਤੀ। ਡਾ.ਸਰਾਂ ਨੇ ਕਿਹਾ ਕਿ ਡਿਊਟੀ ਮੈਜਿਸਟ੍ਰੇਟ ਵੱਲੋਂ ਘਟਨਾ ਤੋਂ ਪਹਿਲਾਂ ਹੀ ਭਾਰੀ ਪੁਲਿਸ ਬਲ ਤਾਇਨਾਤ ਕਰਨਾ ਤੇ ਉਸ ਨੂੰ ਸਰੀਰਕ ਨੁਕਸਾਨ ਕਰਨ ਦਾ ਹੁਕਮ ਦੇਣਾ, ਇਹ ਪੜਤਾਲ ਦਾ ਵਿਸ਼ਾ ਬਣਦਾ ਹੈ। ਪੰਮੀ ਬਾਈ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਘਟਨਾ ਨੂੰ ਅੰਜਾਮ ਬੜੀ ਸੋਚੀ ਸਮਝੀ ਸਾਜ਼ਿਸ਼ ਤਹਿਤ ਦਿੱਤਾ ਗਿਆ ਹੈ। ਜੋ ਕਿ ਬਹੁਤ ਨਿੰਦਣਯੋਗ ਹੈ। ਅਸੀਂ ਜਾਗਦਾ ਪੰਜਾਬ ਮਿਸ਼ਨ ਦੇ ਯੂਥ ਵਿੰਗ ਦੀ ਮੰਗ ਹੈ ਕਿ ਘਟਨਾ ਦੀ ਪੜਤਾਲ ਅਤੇ ਕਾਰਵਾਈ ਹੋਵੇ। ਇਸ ਲਈ ਦੇਸ਼ ਦੇ ਸਰਬ ਉੱਚ ਸੰਵਿਧਾਨਕ ਪੋਸਟ ਤੇ ਬੈਠੇ ਮਾਣਯੋਗ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜਿਆ ਗਿਆ ਹੈ। ਯੂਥ ਵਿੰਗ ਸੁਨਾਮ ਦੇ ਇੰਚਾਰਜ ਐਡਵੋਕੇਟ ਮਨਪ੍ਰੀਤ ਸਿੰਘ ਨਮੋਲ ਨੇ ਕਿਹਾ ਕਿ ਸਾਡੇ ਦੇਸ਼ ਦੀਆਂ ਸਮੁੱਚੀਆਂ ਰਾਜਨੀਤਿਕ ਪਾਰਟੀਆਂ ਇਸ ਘਟਨਾ ਤੇ ਚੁੱਪੀ ਕਿਉਂ ਵੱਟੀ ਬੈਠੀਆਂ ਹਨ।



ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111